ੴ ਵਾਹਿਗੁਰੂ ਜੀ ਕੀ ਫਤਹਿ ॥

ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਪੁਰਾਤਨ ਬੀੜਾਂ ਸੰਬੰਧੀ

ਖ਼ਾਲਸਾ ਗੁਰਮਤ ਖੋਜ ਪ੍ਰਕਾਸ਼

ਪ੍ਰਕਾਸ਼ਕ-

ਸ੍ਰੀ ਮਾਨ ਸਿੰਘ ਸਾਹਿਬ ਬਾਬਾ ਸੰਤਾ ਸਿੰਘ ਜੀ ਜਥੇਦਾਰ ੯੬ ਕ੍ਰੋੜੀ

ਬੁੱਢਾ ਦਲ ਪੰਜਵਾਂ ਤਖਤ (ਚਲਦਾ ਵਹੀਰ) ਪੰਜਾਬ--(ਹਿੰਦੁਸਤਾਨ)

ਖੋਜ-ਕਰਤਾ

ਮਾਸਟਰ ਗਿਆਨ ਸਿੰਘ ਜੀ–ਨਿਹੰਗ ਸਿੰਘ–ਸੁਤੰਤ੍ਰ

ਮੁੱਖ ਸ਼ਬਦ

ਸਰਬਤ ਗੁਰੂ ਖਾਲਸਾ ਪੰਥ ਅਤੇ ਸੰਗਤ ਨੂੰ ਇਹ ਜਾਣ ਕੇ ਅਤਿਅੰਤ ਪ੍ਰਸੰਨਤਾ ਹੋਵੇਗੀ ਪੰਥ ਅਕਾਲੀ ਬੁੱਢਾ ਦਲ ਚਲਦਾ ਵਹੀਰ (ਚਕਰਵਰਤੀ) ਪੰਜਵਾਂ ਤਖਤ-ਪੰਜਾਬ-ਹਿੰਦੁਸਤਾਨ ਨੇ ਨਿਰਣਾ ਕੀਤਾ ਹੈ ਕਿ "ਸਤਿਗੁਰੂ--ਸਾਹਿਤ"--ਅਕਾਲੀ ਬਾਣੀ, ਧੁਰਕੀ ਬਾਣੀ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਤੇ ਅੰਮ੍ਰਿਤ ਕੇ ਦਾਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਵੀਰਤਾ-ਭਰਪੂਰ ਨੂਰਾਨੀ ਬਾਣੀ ਦਸਮ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਸ੍ਰੀ ਸਰਬਲੋਹ ਗ੍ਰੰਥ ਸਾਹਿਬ ਜੀ ਦੀਆਂ ਬੀੜਾਂ ਦੀ ਸੋਧ ਸੇਵਾ ਕਰਵਾਕੇ ਟੀਕੇ ਪ੍ਰਯਾਵਾਂ ਸਹਿਤ ਭਾਗ [ਪੋਥੀਆਂ] ਅਤੇ ਬੀੜਾਂ ਨੂੰ ਗੁਰਮਤ ਅਤੇ ਗੁਰੂ ਆਸ਼ਿਆਂ ਦੇ ਆਧਾਰ ਉਤੇ ਛਪਵਾਉਣ ਦੀ ਸੇਵਾ ਦਾ ਉਪਰਾਲਾ ਕੀਤਾ ਜਾਏ। ਇਸ ਸੰਬੰਧ ਵਿਚ ਪੰਥ ਦੇ ਮਹਾਨ ਜਰਨੈਲ ਪਰਉਪਕਾਰੀ ਗੁਰਮੁਖ ਪਿਆਰੇ ਸਿੰਘ ਸਾਹਿਬ ਬਾਬਾ ਸੰਤਾ ਸਿੰਘ ਜੀ ੯੬ ਕ੍ਰੋੜੀ ਜਥੇਦਾਰ ਬੁੱਢਾ ਦਲ ਚਲਦਾ ਵਹੀਰ ਪੰਜਾਬ ਹਿੰਦੁਸਤਾਨ ਦੀ ਸਰਪ੍ਰਸਤੀ ਹੇਠ ਗੁਰੂ ਕਾ ਬਾਗ ਸ੍ਰੀ ਅਨੰਦਪੁਰ ਸਾਹਿਬ ਵਿਖੇ "ਬੁੱਢਾ ਦਲ [ਪੰਜਵਾਂ ਤਖਤ] ਪ੍ਰਿੰਟਿੰਗ ਪ੍ਰੈਸ" ਜਾਰੀ ਹੋ ਚੁੱਕਾ ਹੈ। ਜਿਸ ਵਿਚੋਂ ਸ੍ਰੀ ਸਰਬਲੋਹ--"ਖਾਲਸਾ--ਪ੍ਰਕਾਸ਼" ਅਤੇ "ਖਾਲਸਾ--ਪ੍ਰਕਾਸ਼--ਅਸਤੋਤ੍ਰ ਸੰਗ੍ਰਹਿ" ਨਾਮੀ ਦੋ ਸੈਂਚੀਆਂ ਸਮੂੰਹ ਰਾਖਵੇਂ ਹੱਕਾਂ ਸਮੇਤ ਛਾਪਕੇ ਸੰਗਤਾਂ ਨੂੰ ਭੇਟਾ ਕੀਤੀਆਂ ਗਈਆਂ ਹਨ। ਅਤੇ ਹੁਣ ਪੰਥ ਦੇ ਵਿਦਵਾਨ ਖੋਜੀਆਂ ਵਾਸਤੇ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਪੁਰਾਤਨ ਬੀੜਾਂ ਸੰਬੰਧੀ "ਖਾਲਸਾ ਗੁਰਮਤ-ਖੋਜ ਪ੍ਰਕਾਸ਼" ਛਾਪੀ ਗਈ ਹੈ। ਇਹਨਾਂ ਤੋਂ ਬਿਨਾਂ ਸ੍ਰੀ ਕਲਗੀਧਰ ਜੀ ਦੀ ਵੀਰ ਰਸੀ ਬਾਣੀ ਸ੍ਰੀ ਸਰਬਲੋਹ ਗ੍ਰੰਥ ਸਾਹਿਬ ਜੀ ਦੀ ਮੂਲ ਬੀੜ ਅਤੇ ਟੀਕਾ ਪ੍ਰਯਾਵਾਂ ਸਹਿਤ ਛਪ ਰਿਹਾ ਹੈ ਜਿਸ ਦੇ ਟੀਕੇ ਦੀਆਂ ਦੋ ਭਾਗ ਪੋਥੀਆਂ ਮੁਕੰਮਲ ਹੋ ਗਈਆਂ ਹਨ।

ਦੂਜਾ ਉੱਦਮ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਬੀੜਾਂ ਨੂੰ ਛਾਪਣ ਦਾ ਹੈ। ਪ੍ਰੰਤੂ ਜੋ ਬੀੜਾਂ ਇਸ ਸਮੇਂ ਛਪ ਰਹੀਆਂ ਹਨ, ਉਹਨਾਂ ਦੇ ਸੰਬੰਧ ਵਿਚ ਅਨੇਕਾਂ ਮਤ-ਭੇਦ ਅਤੇ ਭਰਮ-ਭੁਲੇਖੇ ਪਾਏ ਗਏ ਹਨ ਤੇ ਪਾਏ ਜਾ ਰਹੇ ਹਨ। ਬਾਜ਼ਾਰ ਵਿਚ ਛਾਪਣ ਵਾਲਿਆਂ ਸੱਜਣਾਂ ਨੇ ਸ਼੍ਰੋਮਣੀ ਗੁ: ਪ੍ਰ: ਕਮੇਟੀ ਅੰਮ੍ਰਿਤਸਰ ਵਲੋਂ ਛਪੀਆਂ ਬੀੜਾਂ ਦੇ ਸੰਬੰਧ ਵਿਚ ਭਾਰੀ ਵਾਵੇਲਾ ਕੀਤਾ, ਜੋ ਹੁਣ ਇਕ ਭਾਰੀ ਮੱਤ-ਭੇਦ ਬਣ ਚੁੱਕਾ ਹੈ। ਪਰ ਅਫਸੋਸ ਕਿ ਇਸ ਸਮੇਂ ਕੌਮ ਸਿਆਸੀ ਝਮੇਲਿਆਂ ਵਿਚ ਵਧੇਰੇ ਉਲਝਦੀ ਜਾਂਦੀ ਹੈ ਅਤੇ ਆਪਣੇ ਧਾਰਮਕ ਫਰਜ਼ਾਂ ਤੋਂ ਬੇਮੁਖ ਹੋ ਰਹੀ ਹੈ।

ਸੋ ਇਸ ਮਹਾਨ ਗੁਰੂ-ਕਾਰਜ ਨੂੰ ਪੰਥਕ ਪੱਧਰ ਉਤੇ ਹਲ ਕਰਨ ਵਾਸਤੇ ਗੁਰੂ ਖਾਲਸਾ ਪੰਥ ਅਤੇ ਸੰਗਤ ਦੇ ਸਾਜੇ ਨਿਵਾਜੇ ਗੁਰਮੁਖ ਪਿਆਰੇ, ਉਜੂਲ ਦੀਦਾਰੀ ਸ੍ਰੀਮਾਨ ਸਿੰਘ ਸਾਹਿਬ ਬਾਬਾ ਸੰਤਾ ਸਿੰਘ ਜੀ ੯੬ ਕ੍ਰੋੜੀ ਜਥੇਦਾਰ ਬੁੱਢਾ ਦਲ ਪੰਥ ਅਕਾਲੀ ਚਲਦਾ ਵਹੀਰ [ਪੰਜਵਾਂ ਤਖਤ] ਪੰਜਾਬ ਹਿੰਦੁਸਤਾਨ ਨੇ ਆਪਣੇ ਜ਼ਿਮੇ ਲਿਆ ਹੈ।

ਜਥੇਦਾਰ ਜੀ ਨੇ ਆਪਣੀ ਆਗਿਆ ਨਾਲ ਪੰਥ-ਸੇਵਕ ਬਾਬਾ ਗਿਆਨ ਸਿੰਘ ਜੀ ਸੁਤੰਤ੍ਰ-ਨਿਹੰਗ ਸਿੰਘ ਗਤਕਾ ਮਾਸਟਰ ਤੇ ਉਹਨਾਂ ਦੇ ਸਾਥੀ ਭਾਈ ਰਣਧੀਰ ਸਿੰਘ ਜੀ, ਭਾਈ ਕੁੰਦਨ ਸਿੰਘ ਜੀ ਪਾਸੋਂ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਪੁਰਾਤਨ ਤੇ ਪਰਮਾਣੀਕ ਬੀੜਾਂ ਖਾਸ ਕਰਕੇ ਸ੍ਰੀ ਦਮਦਮਾ ਸਾਹਿਬ (ਗੁਰੂ ਕਾਂਸ਼ੀ) ਸ੍ਰੀ ਹਜ਼ੂਰ ਸਾਹਿਬ (ਨੰਦੇੜ—ਦੱਖਣ), ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ, ਸ੍ਰੀ ਕਰਤਾਰ ਪੁਰ ਸਾਹਿਬ, ਬਾਬਾ ਬਿਧੀ ਚੰਦ ਵਾਲੀ ਅਤੇ ਭਾਈ ਮਨੀ ਸਿੰਘ ਜੀ ਵਾਲੀ ਸੁਨਹਿਰੀ ਬੀੜ ਅਤੇ ਹੋਰ ਅਨੇਕਾਂ ਪੁਰਾਤਨ ਬੀੜਾਂ ਦੀ ਡੂੰਘੀ ਖੋਜ ਦੀ ਸੇਵਾ ਲਈ ਹੈ, ਜੋ ਨਮੂਨੇ ਮਾਤ੍ਰ ਸੰਖੇਪ ਤੇ ਛੋਟੀ ਜਿਹੀ ਸੰਚੀ ਦੇ ਸਰੂਪ ਵਿਚ ਗੁਰੂ ਖਾਲਸਾ-ਪੰਥ ਦੇ ਵਿਦਵਾਨ ਖੋਜੀਆਂ ਅਤੇ ਸੰਗਤ ਨੂੰ ਭੇਟਾ ਕਰ ਰਹੇ ਹਾਂ।

ਦਾਸਨ ਦਾਸ ਮੈਨੇਜਿੰਗ ਇੰਨਚਾਰਜ

ਬੁੱਢਾ ਦਲ ਪੰਜਵਾਂ ਤਖਤ ਪ੍ਰਿੰਟਿੰਗ ਪ੍ਰੈਸ, ਗੁਰੂ ਕਾ ਬਾਗ ਸ੍ਰੀ ਅਨੰਦਪੁਰ ਸਾਹਿਬ (ਰੋਪੜ)

ੴ ਸਤਿਗੁਰ ਪ੍ਰਸਾਦਿ ॥

ਸ੍ਰੀਮਾਨ ਜੋਗ ਗੁਰੂ ਖਾਲਸਾ ਜੀਉ !!

ਆਪ ਜੀ ਪਾਸ ਸਹਿਤ ਨਿਮ੍ਰਤਾ ਦੇ ਬਿਨੈ ਹੈ ਕਿ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਬਾਰੇ ਸੰਤ ਸਮਾਜ ਗੁਰੂ ਖਾਲਸਾ ਤੇ ਸ਼੍ਰੋਮਣੀ ਗੁ: ਪ੍ਰ: ਕਮੇਟੀ ਸ੍ਰੀ ਅੰਮ੍ਰਿਤਸਰ ਵਲੋਂ ਬੀੜ ਛਾਪਣ ਦੇ ਸਬੰਧ ਵਿਚ ਮੰਗਲਾਂ ਤੇ ਪਾਠਾਂ ਦੇ ਮਤਭੇਦ ਦੇ ਬਾਰੇ ਚਰਚਾ ਚਲੀ ਸੀ; ਉਹ ਪੂਰਨ ਤੌਰ ਤੇ ਕਿਸੇ ਸਿਟੇ ਤੇ ਨਹੀਂ ਪੁਜੀ । ਏਸੇ ਮਤਭੇਦ ਨੂੰ ਮੁਖ ਰਖਕੇ ਅਨੇਕਾਂ ਤਰ੍ਹਾਂ ਦਾ ਭੰਡੀ ਪ੍ਰਚਾਰ ਸ਼ੁਰੂ ਹੋ ਗਿਆ ਅਤੇ ਅੰਤ ਚੀਫ ਖਾਲਸਾ ਦੀਵਾਨ ਨੇ ਤੇ ਸੰਤ ਸਮਾਜ ਨੇ ਇਕ ਮਤਾ ਪਾਸ ਕਰਕੇ ਸ਼੍ਰੋਮਣੀ ਗੁ: ਪ੍ਰ: ਕਮੇਟੀ ਨੂੰ ਮਨਾ ਲਿਆ ਕਿ ਮੰਗਲਾਂ ਦੀ ਲਿਖਣ ਸ਼ੈਲੀ ਹੂਬਹੂ ਕਰਤਾਰਪੁਰੀ ਬੀੜ ਦੇ ਅਨੁਸਾਰ ਛਾਪੀ ਜਾਵੇ ਜੇ ਕੋਈ ਅੜਿੱਕਾ ਜਾਂ ਉਲਝਣਾ ਹੋਵੇ ਤਾਂ ਸੁਨੈਹਰੀ ਬੀੜ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਵਾਲੀ ਬੀੜ ਤੋਂ ਅਗਵਾਈ ਲੈ ਲਈ ਜਾਵੇ । ਇਹ ਮਤਾ ਜੋ ਪਾਸ ਕੀਤਾ ਗਿਆ ਸੀ, ਇਹ ਖੋਜ ਪੜਤਾਲ ਤੋਂ ਅਧੂਰਾ ਹੈ । ਨ ਤਾਂ ਕਰਤਾਰਪੁਰੀ ਬੀੜ ਦੀ ਕੋਈ ਸਹੀ ਖੋਜ ਕੀਤੀ ਹੈ ਤੇ ਨਾਂ ਹੀ ਸੁਨਹਿਰੀ ਬੀੜ ਸ੍ਰੀ ਹਰਿਮੰਦਰ ਸਾਹਿਬ ਵਾਲੀ ਦੀ ਕੋਈ ਸਹੀ ਖੋਜ ਕੀਤੀ ਗਈ ਹੈ । ਇਹ ਦੋਵੇਂ ਬੀੜਾਂ ਵਾਸਤੇ ਸਹੀ ਖੋਜ ਦੀ ਲੋੜ ਹੈ, ਕਰਤਾਰਪੁਰੀ ਬੀੜ ਤੇ ਸੰਮਤ ੧੬੬੧ ਵਦੀ ੧ ॥ ਹੈ ਤੇ ਭਾਈ ਬੰਨੋ ਵਾਲੀ ਬੀੜ ਤੇ ਸੰਮਤ ੧੬੫੯ ਅਸੂਵਦੀ ੧ ॥ ਅਗੇ ਜੋ ਸੁਨਹਿਰੀ ਬੀੜ ਸ੍ਰੀ ਹਰਿਮੰਦਰ ਸਾਹਿਬ ਵਾਲੀ ਜੋ ਬਾਬਾ ਦੀਪ ਸਿੰਘ ਜੀ ਸ਼ਹੀਦ ਦੀ ਦਸੀ ਜਾਂਦੀ ਹੈ ਇਹ ਬੀੜ ਤਾਂ ਕਰਤਾਰ ਸਿੰਘ ਹੈਡਗ੍ਰੰਥੀ ਕਲਾਸਵਾਲੀਏ ਨੇ ਅਕਾਲ ਤਖਤ ਦੇ ਤੋਸ਼ੇ ਖਾਨੇ ਵਿਚੋਂ ਚੁਣਕੇ ਚੰਗੀ ਬੀੜ ਕੱਢਕੇ ਉਪਰ ਸੋਨਾ ਚੜ੍ਹਵਾ ਕੇ ਸੋਨੇ ਦੇ ਪਤ੍ਰੇ ਤੇ ਸੰਮਤ ੧੭੯੧ ਪੁਆ ਕੇ ਸਹੀ ਬਾਬਾ ਦੀਪ ਸਿੰਘ ਜੀ ਦੇ ਸਮੇਂ ਦੀ ਲਿਖੀ ਬੀੜ ਜ਼ਾਹਰ ਕੀਤਾ ਹੈ ਕਿ ਇਹ ਬੀੜ ਬਾਬੇ ਦੀਪ ਸਿੰਘ ਸ਼ਹੀਦ ਦੀ ਲਿਖੀ ਹੋਈ ਹੈ । ਸੋ ਗੁਰਮੁਖ ਪਿਆਰਿਓ ! ਸਚਾਈ ਤਾਂ ਇਹ ਹੈ ਕਿ ਇਹਨਾਂ ਬੀੜਾਂ ਸੰਬੰਧੀ ਪੂਰੀ ਖੋਜ ਹੋਈ ਹੀ ਨਹੀਂ । ਅਸੀਂ ਨਿਮਾਣਾ ਜਿਹਾ ਯਤਨ ਕੀਤਾ ਹੈ ਕਿ ਕਰਤਾਰਪੁਰ ਸਾਹਿਬ, ਬੰਨੋ ਜੀ, ਦਮਦਮਾ ਸਾਹਿਬ ਤੇ ਸ੍ਰੀ ਹਰਿਮੰਦਰ ਸਾਹਿਬ ਤੇ ਸ੍ਰੀ ਹਜ਼ੂਰ ਸਾਹਿਬ ਬੀੜਾਂ ਦਾ ਮੁਕਾਬਲਾ ਕਰਨ ਦਾ । ਆਪ ਪੜ੍ਹਕੇ ਵਿਚਾਰ ਕਰੋ ।

ਸ੍ਰੀ ਮਾਨ ਜੋਗ ਗੁਰੂ ਖਾਲਸਾ ਜੀ ! ਅਗੋਂ ਇਸ ਸੰਬੰਧ ਵਿੱਚ ਇਤਹਾਸਾਂ ਦਾ ਨਿਰਣਾ ਕੀਤਾ ਜਾਂਦਾ ਹੈ, ਜਿਨ੍ਹਾਂ ਵਿਚ ਸੰਮਤਾਂ ਤੇ ਪ੍ਰਸੰਗਾਂ ਵਿਚ ਭੁਲੇਖੇ ਪਇ ਹੋਇ ਹਨ ਉਨ੍ਹਾਂ ਇਤਿਹਾਸਕ ਲਿਖਤਾਂ ਦੇ ਆਪਸ ਵਿਚ ਮੁਕਾਬਲੇ ਕਰ ਕੇ ਲਿਖੇ ਜਾਂਦੇ ਹਨ :—

ਗੁਰੂ ਬਿਲਾਸ ਪਾਤਸ਼ਾਹੀ ੬ ਲਿਖਾਰੀ ਕਵਿ ਸੋਹਨ ॥

॥ ਦੋਹਿਰਾ ॥ ਦੂਹੂ ਗ੍ਰੰਥਾਂ ਕੀ ਜਿਲਤ ਬਨ੍ਹਾਇ ਆਠ ਪਹਰ ਮੈ ਦੇਰ ਨਾ ਲਾਏ ॥

ਜਿਲਦ ਬਨ੍ਹਾਏ ਤਬ ਆਵਤ ਭਏ ਸ੍ਰੀ ਗੁਰ ਚਰਨ ਕਮਲ ਮਨ ਦਏ ॥
ਸ੍ਰੀ ਗੁਰ ਕਹਾ ਬੀੜ ਦੋ ਭਈ ॥ ਭਾਈ ਗੁਰ ਦਾਸ ਬੰਨੋ ਕਈ ॥
ਦੋ: ॥ ਦੋਇ ਗ੍ਰੰਥ ਤਬ ਦੇਖਕੈ ਸ੍ਰੀ ਮੁਖ ਕੀਨ ਉਚਾਰ ॥
ਭਾਈ ਬੰਨੋ ਕਿਆ ਕੀਆ ਕਹੁ ਸਤ ਨਿਰਧਾਰ ॥
ਚੌ: ॥ ਬੰਨੋ ਕਹਾ ਤੁਮ ਹੀ ਪ੍ਰਭੂ ਜਾਨੋ ॥ ਸੰਗਤ ਹਿਤ ਮੈਂ ਉਦਮ ਠਾਨੋ ॥
ਪਰ ਉਪਕਾਰ ਗੁਰ ਤਹਾ ਦਿਖਾਇ ॥ ਦਸਖਤ ਕਰੇ ਅਧਕ ਹਰਖਾਏ ॥
ਗੁਰਦਾਸ ਬੀੜ ਪਰ ਦਸਖਤ ਕਰੇ ॥ ਸੰਮਤ ਲਿਖਿਓ ਅਧਕ ਸੁਖ ਭਰੇ ॥
ਸੰਮਤ ਸੋਲਾ ਲੈ ਸੁਖ ਕਾਰੀ ॥ ਇਕਸਠ ਤਾਕੇ ਊਪਰ ਡਾਰੀ ॥
ਭਾਦੋਂ ਏਕਮ ਸੁਦੀ ਸੁਖ ਦਾਈ ॥ ਸ੍ਰੀ ਗੁਰ ਗ੍ਰੰਥਯੋ ਪੂਰ ਸੁਹਾਈ ॥
ਤਤਕਰੇ ਮੈ ਸੰਮਤ ਲਿਖ ਡਾਰੀ ॥ ਦਯਾ ਸਿੰਧ ਗੁਰ ਪਰ ਉਪਕਾਰੀ ॥
ਬੰਨੋ ਕੋ ਅਸਬਚਨ ਫਰਮਾਏ ॥ ਤਾਰੋ ਦੇਸ ਨਿਜ ਅਨੰਦ ਪਾਇ ॥
ਦੋ: ॥ ਮਮ ਆਗਿਆ ਸਭ ਹੀ ਸੁਨੋ ਸਤ ਬਾਤ ਨਿਰਧਾਰ ॥
ਗ੍ਰੰਥ ਗੁਰੂ ਸਮ ਮਾਨੀਓ ਭੇਦ ਨ ਕੋਊ ਬਿਚਾਰ ॥
ਜੋ ਗ੍ਰੰਥ ਇਸਥੋ ਲਿਖੇ ਸੋ ਸੋਧੇ ਇਸ ਬਨਾਇ ॥
ਗੁਰਦਾਸ ਬੀੜ ਤੇ ਜੋ ਲਿਖੇ ਸੋਊ ਤਾਹਿ ਸੁਧਾਇ ॥

ਜੋ ਗੁਰ ਬਿਲਾਸ ਵਿਚ ਸੰਮਤ ੧੬੬੧ ਭਾਦੋਂ ਏਕਮ ਸੁਦੀ ਲਿਖੀ ਹੈ ਤੇ ਕਰਤਾਰ ਪੁਰੀ ਬੀੜ ਦਾ ਸੰਮਤ ੧੬੬੧ ਭਾਦੋਂ ੧ ਵਦੀ ॥ ਲਿਖੀ ਹੈ ਏਥੇ ਪੰਦ੍ਹਾਂ ਦਿਨਾਂ ਦਾ ਫਰਕ ਪੈਂਦਾ ਹੈ ਆਪਸ ਵਿਚ ਦੇਖੋ ਉਤੇ ॥

ਬਾਕੀ ਜੋ ਕਰਤਾਰ ਪੁਰੀ ਬੀੜ ਵਿਚ ਯਾਦਦਾਸ਼ਤ ਲਿਖੀ ਹੈ ਕਿ ਸੰਮਤ ੧੬੫੫ ॥ ਜਹਾਂਗੀਰ ਪਾਤਸ਼ਾਹ ਨੇ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਰਕਬਾ ਕਰਤਾਰਪੁਰ ਦਿਤਾ ਧਰਮਸਾਲਾ ਨੂੰ ॥ ੮੬੬੪ ਘੁਮਾ ੭ ਕਨਾਲ ਮਰਲੇ ੧੫ ।

ਉਪ੍ਰੋਕਤ ਯਾਦਦਾਸ਼ਤ ਵਿਚ ਜਹਾਂਗੀਰ ਬਾਰੇ ਸੰਮਤ ੧੬੫੫ ॥ ਲਿਖਿਆ ਹੈ ਇਹ ਸਭ ਗਲਤ ਹੈ ।

ਜਹਾਂਗੀਰ ਤਾਂ ਸੰਮਤ ੧੬੬੨ ਬਿਕ੍ਰਮੀ ਵਿਚ ਪਾਤਸ਼ਾਹ ਬਣਿਆ ਤੇ ਤਖ਼ਤ ਬੈਠਾ ਹੈ ਸੀ ॥ ਇਹ ਫਰਕ ੭ ਸਾਲਾਂ ਦਾ ਹੈ ।

ਸਾਰਿਆਂ ਸੰਮਤਾਂ ਦਾ ਨਿਰਣਾ ਕਰ ਕੇ ਵੇਖਿਆ ਜਾਏ ਤਾਂ ਜ਼ਮੀਨ ਅਕਬਰ ਬਾਦਸ਼ਾਹ ਨੇ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਭੇਟਾ ਕੀਤੀ ਬਣਦੀ ਹੈ ॥

ਜਦ ਸੰਮਤ ੧੬੫੮ ਬਿਕ੍ਰਮੀ ਵਿਚ ਅਕਬਰ ਬਾਦਸ਼ਾਹ ਲਾਹੌਰ ਆਇਆ ਸੀ ਤਾਂ ਚੰਦੂ ਨੇ ਚੁਗਲੀ ਖਾਧੀ ਸੀ ਕਿ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਇਕ ਗ੍ਰੰਥ ਬਣਾਇਆ ਹੈ ਜਿਸ ਵਿਚ ਹਜ਼ਰਤ ਮੁਹੰਮਦ ਸਾਹਿਬ ਦੀ ਨਿੰਦਿਆ ਕੀਤੀ ਹੋਈ ਹੈ ਤਾਂ ਅਕਬਰ ਬਾਦਸ਼ਾਹ ਨੇ ਗੁਰੂ ਸਾਹਿਬ ਨੂੰ ਲਾਹੌਰ ਸਦਿਆ। ਗੁਰੂ ਜੀ ਆਪ ਤਾਂ ਨਹੀਂ ਗਏ ਭਾਈ ਗੁਰਦਾਸ ਜੀ ਨੂੰ ਤੇ ਬਾਬਾ ਬੁੱਢਾ ਜੀ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਦੇ ਕੇ ਲਾਹੌਰ ਭੇਜਿਆ ਸੀ ਤਾਂ ਅਕਬਰ ਬਾਦਸ਼ਾਹ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਦਰਸ਼ਨ ਕਰ ਕੇ ਵਿੱਚੋਂ ਬਾਣੀ ਪੜ੍ਹਾਕੇ ਸ਼ਬਦ ਸੁਣੇ ਤਾਂ ਸ਼ਬਦ ਨਿਕਲੇ :—

"ਖਾਕ ਨੂਰ ਕਰਦੰ ਆਲਮ ਦੁਨੀਆਇ ॥"

ਦੂਜਾ ਸ਼ਬਦ ਹੈ :—

"ਅਲਹ ਅਗਮ ਖੁਦਾਈ ਬੰਦੇ ॥"

ਏਹ ਸ਼ਬਦ ਸੁਣ ਕੇ ਸਹੀ ਸਿਧਾਂਤ ਸਮਝ ਕੇ ਜੋ ਪੱਖਪਾਤ ਤੋਂ ਬਿਨਾ ਹੈਸੀ ਤਾਂ ਭਾਈ ਗੁਰਦਾਸ ਨੂੰ ਤੇ ਬਾਬਾ ਬੁੱਢਾ ਜੀ ਨੂੰ ਸਿਰੋਪਾ ਦੇ ਕੇ ਤੋਰਿਆ ਤੇ ਆਖਿਆ ਮੈਂ ਆਪ ਵੀ ਸ੍ਰੀ ਗੁਰੂ ਜੀ ਦੇ ਦਰਸ਼ਨ ਕਰਨ ਵਾਸਤੇ ਆਵਾਂਗਾ ਤਾਂ ਸਮੇਂ ਦੇ ਗੇੜ ਨਾਲ ਅਕਬਰ ਬਾਦਸ਼ਾਹ ਲਾਹੌਰੋਂ ਵਾਪਸ ਆਗਰੇ ਨੂੰ ਜਾਂਦਾ ਹੋਇਆ ਏਸ ਰਸਤੇ ਥਾਣੀ ਕਰਤਾਰ ਪੁਰ ਹੋ ਕੇ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਮਿਲ ਕੇ ਲੰਘਿਆ ਸੀ ਤੇ ਗੁਰੂ ਜੀ ਦੇ ਦਰਸ਼ਨ ਕਰ ਕੇ ਆਖਿਆ ਕਿ "ਮਹਾਰਾਜ ਜੀ ! ਮੈਨੂੰ ਕੋਈ ਸੇਵਾ ਬਖਸ਼ੋ" ਤਾਂ ਸਤਿਗੁਰਾਂ ਆਖਿਆ ਬਾਦਸ਼ਾਹ ਏਸ ਦੇਸ਼ ਤੇ ਦੋ ਸਾਲਾਂ ਦਾ ਕਾਲ ਪੈ ਚੁਕਾ ਹੈ ਨਾਲੇ ਆਪ ਦੀਆਂ ਫੌਜਾਂ ਏਸ ਦੇਸ਼ ਵਿਚੋਂ ਦੀ ਦੋ ਤਿੰਨ ਵਾਰ ਲੰਘੀਆਂ ਹਨ ਤੇ ਖਰਚ ਹੁੰਦਾ ਰਹਿਆ ਹੈ ਸੋ ਐਸ ਵਕਤ ਪਰਜਾ ਤੰਗ ਹੈ ਆਪ ਮਿਹਰਬਾਨੀ ਕਰਕੇ ਪਰਜਾ ਦਾ ਮਾਮਲਾ ਕੁਛ ਮਾਫ ਕਰੋ ਤਾਂ ਅਕਬਰ ਬਾਦਸ਼ਾਹ ਨੇ ਦਸਵਾਂ ਹਿਸਾ ਮਾਮਲੇ ਦਾ ਪਰਜਾ ਨੂੰ ਮਾਫ ਕਰ ਦਿਤਾ ਤੇ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਕਰਤਾਰਪੁਰ ਦੀ ਜ਼ਮੀਨ ਦਾ ਪਟਾ ਮੁਆਫੀ ਨਾਮੇ ਦਾ ਲਿਖ ਕੇ ਦੇ ਦਿਤਾ ਸੀ। ਅਕਬਰ ਦੇ ਪਿਛੋਂ ਜੋ ਸੰਮਤ ੧੬੬੨ ਵਿਚ ਜਹਾਂਗੀਰ ਗੱਦੀ ਤੇ ਬੈਠਾ ਸੀ। ਸੰਮਤ ੧੬੬੩, ਵਿਚ ਜਹਾਂਗੀਰ ਨੇ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਜ਼ਮੀਨ ਤਾਂ ਕੀਹ ਦੇਣੀ ਸੀ ਆਪਣੇ ਪਿਉ ਅਕਬਰ ਦੀ ਦਿਤੀ ਹੋਈ ਵੀ ਜ਼ਬਤ ਕਰ ਲਈ ਅਤੇ ਉਸਦੀ ਆਪਣੀ ਰਾਇ ਗੁਰੂ ਘਰਿ ਬਾਬਤ ਆਮ ਤੌਰ ਤੇ ਬਹੁਤ ਬੁਰੀ ਸੀ। ਓਹ ਗੁਰੂ ਸਿਖੀ ਨੂੰ ਤਿੰਨ ਚਾਰ ਪੁਸ਼ਤਾਂ ਤੋਂ ਦੁਕਾਨਦਾਰੀ ਚਲਾਈ ਜਾਣਦਾ ਸੀ। ਉਸ ਦੀ ਆਪਣੀ ਤੋਜ਼ਕ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਬਾਬਤ ਜ਼ਿਕਰ ਨੱਫਰਤ ਭਰੇ ਲਫਜ਼ਾਂ ਵਿਚ ਕੀਤਾ ਹੋਇਆ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਵੀ ਮਰਦੂਕ ਮਜਹੂਲ ਲਿਖਦਾ ਹੈ। ਉਸ ਨੇ ਆਪਣੇ ਰਾਜ ਦੇ ਪਹਿਲੇ ਸਾਲ ਵਿਚ ਹੀ ਬਾਗੀ ਸ਼ਾਹਜ਼ਾਦਾ ਖੁਸਰੋ ਦੇ ਹੱਕ ਵਿਚ ਗੁਰੂ ਸਾਹਿਬ ਦੇ ਦੁਆ ਕਰਨ ਅਤੇ ਉਸ ਦੇ ਮਥੇ ਰਾਜ ਗੱਦੀ ਦਾ ਤਿਲਕ

ਲਾਉਣਾ ਅਤੇ ਮਾਲੀ ਮੱਦਦ ਕਰਨ ਦੀਆਂ ਝੂਠੀਆਂ ਸਚੀਆਂ ਤੁਹਮਤਾਂ ਲਾ ਕੇ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਗ੍ਰਿਫਤਾਰ ਕਰਕੇ ਦੁਖ ਦੇਕੇ ਸ਼ਹੀਦ ਕਰਵਾ ਦਿਤਾ ਤੇ ਡੇਰਾ ਲੁਟ ਲੈਣ ਦਾ ਹੁਕਮ ਦੇਇ ਦਿਤਾ ਸੀ। ਜ਼ਮੀਨ ਦੀਆਂ ਮੁਆਫੀਆਂ ਦਿਤੀਆਂ ਹੋਈਆਂ ਜ਼ੱਬਤ ਕਰ ਲਈਆਂ ਅਤੇ ਜਿਹੜਾ ਜੁਰਮਾਨਾ ਖੁਸਰੋ ਦੇ ਮਿਲਣ ਸਮੇਂ ਦਾ ਸ੍ਰੀ ਗੁਰੂ ਅਰਜਨ ਸਾਹਿਬ ਜੀ ਨੂੰ ਕੀਤਾ ਸੀ ਉਸਦੇ ਉਗ-ਰਾਹਣ ਲਈ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ ਨੂੰ ਪਕੜਕੇ ਆਪਣੀ ਨਿਗਰਾਨੀ ਵਿਚ ਕਰ ਲਿਆ ਤੇ ਬਾਰਾਂ ਵਰ੍ਹੇ ਲਈ ਗਵਾਲੀਅਰ ਕਿਲ੍ਹੇ ਵਿਚ ਕੈਦ ਕਰ ਦਿਤਾ ਜਿਥੇ ਗੁਰੂ ਜੀ ਨੂੰ ਨਿਮਕ ਵਾਲਾ ਖਾਣਾ ਦੇਣ ਦਾ ਹੁਕਮ ਨਹੀਂ ਸੀ ਅਤੇ ਜਦ ਗੁਵਾਲੀਅਰ ਕਿਲੇ ਵਿਚੋਂ ਗੁਰੂ ਜੀ ਨੂੰ ਸੰਮਤ ੧੬੭੫ ਵਿਚ ਰਿਹਾ ਵੀ ਕੀਤਾ ਤਦ ਵੀ ਵਰ੍ਹਾ ਹੋਰ ਸੇਖ ਅਹਿਮਦ ਸਰਹੰਦੀ ਸਮੇਤ ਲਸ਼ਕਰ ਨਾਲ ਕਸ਼ਮੀਰ ਧਰੂਹੀ ਫਿਰਿਆ ਜਿਥੇ ਗੁਰੂ ਜੀ ਨੂੰ ਲਸ਼ਕਰ ਤੋਂ ਬਾਹਰ ਡੇਰਾ ਲਾਉਣ ਦੀ ਇਜਾਜ਼ਤ ਹੁੰਦੀ ਸੀ ਜਾਂ ਛਪੜ ਦਾ ਕੰਢਾ ਜਾਂ ਕਬਰਸਤਾਨ ਦੀ ਜਗਾ ਹੁੰਦੀ ਸੀ। ਪਰ ਏਸ ਵਾਕਿਆ ਨੂੰ ਇਤਿਹਾਸਕਾਰਾਂ ਨੇ ਅਕਬਰ ਦੀ ਥਾਂ ਜਹਾਂਗੀਰ ਦਾ ਨਾਂ ਲਿਖ ਛਡਿਆ ਹੈ।

ਸ੍ਰੀ ਕਰਤਾਰਪੁਰ ਸਾਹਿਬ ਦੇ ਜੰਗ ਦੀ ਤ੍ਰੀਕ ਬਾਰੇ ਮੈਕਾਲਫ ਨੇ ਸੰਮਤ ੧੬੯੧ ਹਾੜ ੨੪ ਨੂੰ ਜੰਗ ਹੋਇਆ ਦਸਿਆ ਹੈ। ਕਰਤਾ ਦਬਿਸਤਾਨ ਮਜ਼ਾਹਬ ਪੰਨਾ ੨੫੮ ਤੇ ਮਾਖਜ਼ਿਤ੍ਵਾਰੀਖ ਸਿਖਾਂ ਪੰਨਾ ੪੫॥ ਉਤੇ ਵੀ ਇਹੋ ਹੀ ਲਿਖਦੇ ਹਨ।

ਸ੍ਰੀ ਗੁਰੂ ਜੀ ਦੇ ਬਚਨ :

ਜਾਨ ਭਾਈ ਗੁਰ ਹੋਇ ਸਵਾਰਾ॥ ਬਿਦੀ ਚੰਦ ਪ੍ਰਤ ਬੈਨ ਉਚਾਰਾ॥
ਕੀਰਤਪੁਰ ਕੀ ਓਰ ਪਯਾਨਾ॥ ਅਬ ਮੈ ਕਰੋ ਜਾਨ ਮਤਮਾਨਾ॥
ਤੁਮ ਹਮਰੇ ਅਬ ਧਾਮ ਪਧਾਰ॥ ਕੀਜੋ ਸਭ ਪਰਵਾਰ ਤਯਾਰ॥
ਸੀਘਰ ਆਇ ਨ ਲਾਇ ਅਵਾਰ॥ ਕਛੂ ਦਰਬ ਕੋ ਲੋਭ ਨ ਧਾਰ॥
ਦੋਹਿਰਾ॥ ਤੋਹਿ ਉਡੀਕਤ ਗੰਗਸਰ ਹਮ ਤਿਹ ਦਰਸਨ ਠਾਨ॥
ਕਰ ਆਇਸ ਇਹ ਭਾਤ ਕੀ ਚਾਲੇ ਕ੍ਰਿਪਾ ਨਿਧਾਨ॥
ਚੌ: ਬਿਧੀ ਚੰਦ ਗੁਰ ਮਹਿਲੀ ਜਾਇ॥ ਰਥ ਬਹਿਲਾ ਬਹੁ ਸਾਜ ਤਦਾਇ॥
ਬਿਧੀਏ ਸਭ ਕੋ ਦਈ ਸੁਨਾਇ॥ ਗੁਰ ਆਇਸ ਨਹਿ ਦੇਰ ਸੁਹਾਇ॥
ਸੁਨਤ ਸਭੀ ਭੇ ਤਯਾਰ ਤਦਾਏ॥ ਧਾਰ ਭੇਟ ਥੰਮ ਜੀ ਦਰਸਾਏ॥
ਬਾਬੇ ਚਢ ਰਥ ਅਨੰਦ ਧਰਾਯੋ॥ ਹਰੀ ਰਾਇ ਕੋ ਸਾਥ ਬਹਾਯੋ॥
ਕਛੂ ਦਰਬ ਨਿਜ ਸੰਗ ਨ ਲੀਨੋ॥ ਸ੍ਰੀ ਗੁਰ ਓਰ ਪਯਾਨਾ ਕੀਨੋ॥
ਧੀਰ ਮਲ ਰਹਾ ਸਦਨ ਮਝਾਰਾ॥ ਸਾਜਪੋਤਧਰ ਹਰਖ ਸੰਭਾਰਾ॥
ਦੋ:॥ ਧੀਰ ਮਲ ਬਹੁ ਬਿਨਤ ਕੈ ਨਿਜ ਮਾਤਾ ਕੋ ਰਾਖ॥

ਤਿਹ ਢਿਗ ਨੱਤੀ ਰਹਿਤ ਭੀ ਧਰ ਪ੍ਰਭੂ ਅਭਲਾਖ ॥੨੯।
ਚੌ:॥ ਸ੍ਰੀ ਗੁਰੂ ਗ੍ਰੰਥ ਧੀਰ ਮਲ ਰਾਖਾ ॥ ਮਾਗ ਬਿਧੀ ਸਸ ਧਰ ਆਭ ਲਾਖਾ ॥
ਤਿਨੈਨ ਦੀਨੋ ਦੀਯੋ ਉਤਾਰਾ ॥ ਬਿਧੀ ਚੰਦ ਜੋ ਬਯੋਂਤ ਸਵਾਰਾ ॥
ਰਹਾ ਮਾਂਝ ਨਹਿ ਪੂਰਨ ਹੋਯੋ ॥ ਭਗਤ ਸਿੰਘ ਗੁਰਕਾ ਬਚ ਜੋਯੋ ॥
ਬਿਲਾਵਲੁ ਰਾਗ ਭੋਗ ਤਹਿ ਜਾਨੋ ॥ ਭਗਤ ਸਿੰਘ ਇਹ ਬਿਦ ਪ੍ਰਮਾਨੋ ॥
ਦੋ:॥ ਰੂਪ ਸੁਤਾ ਕੇ ਕਾਰਨੇ ਭੇਖ ਸਸ ਜਾਨ ॥
ਦਯਾ ਸਿੰਘ ਇਹ ਪਰ ਰਹਾ ਤਾਹ ਭੋਗ ਪਹਿਚਾਨ ॥
ਚੌ:॥ ਲੀਏ ਸੈਚੀਆ ਕੀਓ ਪਯਾਨਾ ॥
ਸਾਥ ਪਰਵਾਰ ਹਰਖ ਧਰ ਨਾਨਾ ॥
ਜਾਇ ਗੰਗਸਰ ਦਰਸਨ ਕੀਓ ॥ ਗੁਰਦਰਸਨ ਕਰ ਅਨਦ ਲੀਓ ॥੩੨॥
ਸ੍ਰੀ ਗੁਰ ਸਭ ਕੀ ਕਰੀ ਸੰਭਾਰਾ ॥ ਬਿਧੀ ਚੰਦ ਅਸ ਬੈਨ ਉਚਾਰਾ ॥
ਧੀਰ ਮਲ ਪ੍ਰਭ ਸਦਨ ਰਹਾਇ ॥ ਨਿਜ ਮਾਤਾ ਸੋਂ ਨਹਿ ਸੋਆਇ ॥
ਦੋ:॥ ਸ੍ਰੀ ਗੁਰੂ ਦਾਸ ਬੁਲਾਇ ਕੈ ਐਸੇ ਕਹਾ ਸੁਨਾਇ ॥
ਧੀਰ ਮਲ ਢਿਗ ਜਾਇ ਤੁਮ ਤਤ ਛਿਨ ਦੇਰ ਨ ਲਾਇ ॥
ਸਗਰੀ ਨਿਸ ਅਹਿ ਪੁਨ ਨਿਸਚਾਲਾ ॥ ਪਹੁ ਚਿਤੁ ਪੁਰ ਕਰਤਾਰ ਬਿਹਾਲਾ ॥
ਧੀਰ ਮਲ ਕੋ ਬੰਦਨ ਧਾਰੀ ॥ ਭਾਖੇ ਜੋ ਕਹੈ ਬੈਨ ਮੁਰਾਰੀ ॥
ਬਾਬਾ ਜੀ ਨਿਜ ਰੂਪ ਸਮਾਯੋ ॥ ਤੋਕੋ ਸ੍ਰੀ ਗੁਰ ਐਸ ਅਲਾਯੋ ॥
ਨਿਜ ਮਾਤਾ ਹਿਤ ਇਹਠਾ ਆਵੋ ॥ ਸ੍ਰੀ ਗੁਰੂ ਗ੍ਰੰਥ ਪਾਠ ਹਿਤ ਲਾਵੋ ॥
ਧੀਰ ਮਲ ਕਹੈ ਮੋਹਿ ਨ ਕਾਜਾ ॥ ਤਜੋ ਧਾਮ ਲਾਗਤ ਮਮ ਲਾਜਾ ॥
ਸ੍ਰੀ ਗੁਰ ਗ੍ਰੰਥ ਤਾਹਿ ਨਹਿ ਦੇਵੋ ॥ ਏਹ ਕੇਬਲ ਗੁਰਿਆਈ ਲੇਵੋ ॥
ਦੋ:। ਕਹਾ ਦਾਸ ਧਨ ਧਾਮ ਜੋ ਅੰਤ ਨ ਚਾਲਤ ਸਾਥ ॥
ਪ੍ਰਭੁ ਕੇ ਨਿਕਟ ਨ ਜਾਤ ਤੁਮ ਜੋ ਗੁਰ ਦੀਨਾ ਨਾਥ ॥
ਚੌ:॥ ਧੀਰਮਲਪੁਨ ਬੈਨ ਉਚਾਰੇ ॥ ਦੀਨਾ ਨਾਥ ਝੂਠ ਬਚ ਸਾਰੇ ॥
ਗਯੋ ਭਾਜ ਧਨ ਧਾਮ ਤਜਾਇ ॥ ਬਾਦਸਾਹ ਕੋ ਭੈ ਉਪ ਜਾਇ ॥
ਮੋਰੀ ਸੁਲਾ ਸਾਹੁ ਕੇ ਸੰਗਾ ॥ ਜੋ ਤਹਿ ਜਾਉ ਹੋਇ ਪੁਨ ਜੰਗਾ ॥
ਲੂਟੈ ਸਭ ਧਨ ਧਾਮ ਤੁਮਾਰੇ ॥ ਤਾਂ ਤੇ ਜਾਉ ਨ ਗੁਰ ਨਿਕਟਾਰੇ ॥
ਪੁਨਾ ਦਾਸ ਨੱਤੀ ਢਿਗ ਗਯੋ ॥ ਸਭ ਪ੍ਰਸੰਗ ਤਿਹ ਭਾਖਤ ਭਯੋ ॥

ਪਤ ਕੀ ਮ੍ਰਿਤ ਸੁਨਤ ਬਿਸਮਾਈ ॥ ਤਤ ਛਿੰਨ ਧੀਰ ਮਲ ਪਹਿ ਆਈ ॥
ਹੇ ਸੁਤ ਤੁਮ ਪਿਤ ਸ੍ਵਰਗ ਸਿਧਾਯੋ ॥ ਤੁਝ ਲੇਵਨ ਹਿਤ ਦਾਸ ਪਠਾਯੋ ॥
ਚਲੋ ਪਿਤਾ ਕੀ ਕ੍ਰਿਤ ਸਵਾਰੋ ॥ ਤੁਮ ਸੁਤ ਜੇਸਟ ਦੇਰ ਨ ਧਾਰੋ ॥
ਦੋ:॥ ਧੀਰ ਮਲ ਕਹੈ ਮਾਤ ਕੋ ਹਮਰੋ ਸਾਕਨ ਕੋਇ ॥
ਚਲੋ ਨ ਸਦਨ ਤਿਆਗ ਮੈ ਜਾਹੁ ਇਛ ਤੁਮ ਹੋਇ ॥
ਚੌ:। ਸੁਨਤ ਬੈਨ ਨੱਤੀ ਬਿਸਮਾਈ ॥ ਦਾਸ ਸੰਗ ਚੜਕੈ ਰਥ ਧਾਈ ॥
ਰੁਦਨਾ ਵਤ ਨੱਤੀ ਗ੍ਰਿਹਿ ਜਾਈ ॥ ਦੋਊ ਸਾਸ ਕੋ ਤਬੈ ਮਿਲਾਈ ॥
ਸ੍ਰੀ ਗੁਰ ਲੀਏ ਰਾਇ ਹਰਿ ਸੰਗਾ ॥ ਬਾਬੇ ਕੇ ਚੁਨ ਪੁਸਪ ਉਮੰਗਾ ॥
ਜਾਇ ਦਾਸ ਤਬ ਬੰਦਨ ਧਾਰੀ ॥ ਧੀਰ ਮਲ ਨਹੀ ਅਯੋ ਮੁਰਾਰੀ ॥
ਸ੍ਰੀ ਗੁਰ ਗ੍ਰੰਥ ਦੀਉ ਨਹਿ ਮਾਨੀ ॥ ਕਠਨ ਬੈਨ ਕਹੈ ਘਨੇ ਗੁਮਾਨੀ ॥
ਨੱਤੀ ਕਹੇ ਨ ਮਾਨੇ ਬੈਨਾ ॥ ਕ੍ਰੋਧ ਪੂਰ ਪਿਖ ਆਗੈ ਨੈਨਾ ॥
ਹੇ ਪ੍ਰਭੁ ਨਤੀ ਇਹ ਠਾ ਆਈ ॥ ਕਹਾ ਗੁਰੂ ਵਹੁ ਕਪਟੀ ਭਾਈ ॥
ਦੋ:॥ ਚੁਨੇ ਪੁਸਪ ਗੁਰ ਹਰਖ ਸੋ ਗੰਗਾ ਦੀਏ ਪਾਠਾਏ ॥
ਬਿਧੀ ਚੰਦ ਲਿਖ ਸੈਚੀਆ ਤਾਕੋ ਪਾਠ ਕਰਾਇ ॥੨੯੯॥

ਬਾਕੀ ਜੋ ਗੁਰ ਬਿਲਾਸ ੬ਵੀਂ ਪਾਤਿਸ਼ਾਹੀ ਦੇ ਵਿਚ ਦਸਿਆ ਹੈ ਕਿ ਬਾਬੇ ਗੁਰਦਿਤੇ ਦਾ ਜਨਮ ਸੰਮਤ ੧੬੭੦॥੮ ਕਤਕ ਦਾ ਹੈ ਤੇ ਅੰਤ ਬਾਬੇ ਗੁਰਦਿਤੇ ਦਾ ਸਮੰਣ ਦਾ ਸੰਮਤ ੧੬੯੨ ਅਸੂ ੭ ਦਿਨ ਸੁਦੀ ੧੦ ਨੂੰ ਹੋਇਆ ਹੈ ।

ਇਸ ਹਿਸਾਬ ਨਾਲ ਬਾਬੇ ਗੁਰਦਿਤੇ ਦੀ ਉਮਰ ੨੨ ਸਾਲ ਦੀ ਬਣਦੀ ਹੈ। ਧੀਰ ਮਲ ਦਾ ਜਨਮ ਸੰਮਤ ੧੬੮੩ ੧੦ ਮਾਘ ਸ਼ਨੀਵਾਰ ਦਾ ਦਸਿਆ ਹੈ। ਧੀਰ ਮਲ ਦੇ ਜਨਮ ਸਮੇਂ ਬਾਬੇ ਗੁਰਦਿਤੇ ਦੀ ਉਮਰ ੧੩ ਸਾਲ ਦੀ ਬਣਦੀ ਹੈ। ਗੁਰੂ ਹਰਿ ਰਾਇ ਜੀ ਦਾ ਜਨਮ ਸੰਮਤ ੧੬੮੬ ਮਾਘ ੧੩ ਦਾ ਦਸਿਆ ਹੈ। ਗੁਰੂ ਹਰਿ ਰਾਇ ਜੀ ਦੇ ਜਨਮ ਸਮੇਂ ਬਾਬੇ ਗੁਰਦਿਤੇ ਦੀ ਉਮਰ ੧੬ ਸਾਲ ਦੀ ਬਣਦੀ ਹੈ। ਕਰਤਾਰਪੁਰ ਜੰਗ ਸੰਮਤ ੧੬੯੧ ੨੪ ਹਾੜ ਨੂੰ ਹੋਇਆ ਦਸਿਆ ਹੈ ॥ ਓਸ ਵਖਤ ਧੀਰ ਮਲ ਦੀ ਉਮਰ ੮ ਸਾਲ ਦੀ ਬਣਦੀ ਹੈ। ਧੀਰ ਮਲ ਦੀ ਉਮਰ ਅਠਾਂ ਸਾਲਾਂ ਦੀ ਸੀ ਜਦ ਗੁਰੂ ਹਰਿ ਗੋਬਿੰਦ ਸਾਹਿਬ ਜੀ ਅਤੇ ਸਾਰੇ ਪਰਵਾਰ ਤੋਂ ਤੇ ਸੰਗਤਾਂ ਤੋਂ ਆਕੀ ਹੋ ਕੇ ਕਰਤਾਰ ਪੁਰ ਰਹਿ ਜਾਣਾ ਤੇ ਗੁਰ ਗ੍ਰੰਥ ਜੀ ਰਖ ਲੈਣਾ ਤੇ ਮੰਗਣ ਪਰ ਵੀ ਨ ਦੇਣਾ।

ਬਿਧੀ ਚੰਦ ਨੇ ਜੋ ਉਤਾਰਾ ਕੀਤਾ ਹੋਇਆ ਸੀ ਓਹੀ ਉਤਾਰਾ ਬਿਧੀ ਚੰਦ ਨੂੰ ਦੇ ਕੇ ਤੋਰ ਦੇਣਾ ਤੇ ਆਪਣੀ ਮਾਤਾ ਨਤੀ ਨੂੰ ਆਪਣੇ ਪਾਸ ਰਖ ਲੈਣਾ ਤੇ ਮਨ ਪਸੰਦ ਚੀਜ਼ਾਂ ਤੇ ਕੱਬਜ਼ਾ ਕਰਕੇ ਰਖ ਲੈਣੀਆਂ। ਓਸ ਵਖਤ ਧੀਰ ਮਲ ਦੇ ਨਾਲ ਨਹੀਂ ਕੋਈ ਸਿਖ ਨਾ ਹੀ ਮਸੰਦ ਸੀ, ਓਸ ਵਖਤ ਆਕੀ

ਹੋਕੇ ਕਰਤਾਰਪੁਰ ਰਹਿਣਾ ਬਿਲਕੁਲ ਨਹੀਂ ਬਣਦਾ ਵਿਚਾਰ ਕੇ ਦੇਖੋ ਗੁਰ ਬਿਲਾਸੀਏ ਨੇ ਜੋ ਏਸ ਸਾਖੀ ਦੀ ਸਾਰੀ ਵਾਰਤਾ ਆਨ ਹੋਈ ਘਾੜਤ ਘੜ ਕੇ ਲਿਖੀ ਹੈ ਏਸ ਸਾਖੀ ਵਿਚ ਤਾਂ ਇਹੀ ਸਿਧ ਕੀਤਾ ਹੈ ਕਿ ਸਿਰਫ਼ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਬੀੜ ਲਿਖਾਈ ਤੇ ਭਾਈ ਗੁਰਦਾਸ ਜੀ ਨੇ ਲਿਖੀ ਹੈ ਜਿਸ ਤੇ ਸੰਮਤ ੧੬੬੧ ਭਾਦ੍ਰੋਂ ਵਦੀ ੧ 'ਦਿਤਾ ਹੈ ਏਸੇ ਬੀੜ ਦੇ ਸਿਧ ਤੇ ਪ੍ਰਤਖ ਕਰਨ ਵਾਸਤੇ ਇਹ ਸਾਰਾ ਪ੍ਰਸੰਗ ਘਾੜਤ ਘੜ ਕੇ ਲਿਖਿਆ ਹੈ ।

ਗੁਰਬਿਲਾਸ ੬ਵੀਂ ਪਾਤਸ਼ਾਹੀ ਦੇ ਪੰਨਾ ੩੪੦ ਵਿਚ ਪ੍ਰਸੰਗ ਲਿਖਿਆ ਹੈ :—

ਚੌਂਹ॥ ਮਹਾਂ ਕਾਲ ਉਠਨਰ ਤਨਧਾਰਾ ॥ ਕਰ ਉਸਤਤ ਹੇ ਪ੍ਰਭ ਕਰਤਾਰਾ ॥
ਦੀਨ ਰਛ ਸੰਤਨ ਸੁਖਦਾਈ ॥ ਮੋ ਤੇ ਉਪਮਾ ਕਹੀ ਨ ਜਾਈ ॥
ਹੌਅਨਾਥ ਤੁਮ ਨਾਥ ਸਦਾਵੋ ॥ ਤੁਮ ਪਾਵਨ ਹੌ ਪਤਤ ਕਹਾਵੋ ॥
ਹੌ ਗਰੀਬ ਤ੍ਰੂ ਨਾਮ ਨਿਵਾਜੂ ॥ ਹੌ ਜਨ ਦੀਨ ਪ੍ਰਭੂ ਸਿਰਤਾਜੂ ॥
ਹੌ ਨਿਮਾਣ ਤੁਮਰੋ ਬਹੁਮਾਣਾ ॥ ਹੰਉ ਨਿਤਾਣ ਤੁਮਰੋ ਵਡਤਾਣਾ ॥
ਮੋਹਿ ਚਾਹਿ ਪ੍ਰਭੂ ਪੂਰਣ ਕੀਜੈ ॥ ਸੁਤਾ ਮੋਹਿ ਦਾਸੀ ਕਰ ਲੀਜੈ ॥
ਤੀਨ ਬੇਰ ਅਸ ਬਿਨੇ ਅਲਾਈ ॥ ਰਹੇ ਮੋਨ ਦੀਨਾ ਪਤਸਾਂਈ ॥
ਨਰ ਸਮਮੁਸਕਤ ਬੈਨ ਅਲਾਯੋ ॥ ਦੇਖਹੁ ਮੋਹਿ ਸਮਾ ਬਿਰਧਾਯੋ ॥
ਦੋ:॥ਅਤ ਵਿਰਾਗ ਮੈ ਬੈਨ ਗੁਰ ਸਗਲ ਰਹੇ ਵਿਸਮਾਇ ॥
ਰਾਗ ਭੋਗ ਪਾਯੋ ਤਬੈ ਨਿਜ ਨਿਜ ਸਭੀ ਸਿਧਾਇ ॥
ਚੌ:॥ਚਲਨਕਾਲਨਰ ਸਮਤਨ ਕੀਨੋ ॥ ਅਧਕ ਸੋਕ ਮਨ ਅਪਨੇ ਲੀਨੋ ॥
ਮਮ ਅਨਾਥ ਨਿਜ ਰਿਦੈ ਵਿਚਾਰਾ ॥ ਕੀਨ ਬਿਨੈ ਨਹਿਅੰਗੀਕਾਰਾ ॥੨੧੧॥
ਜਬ ਕਛਦੂਰ ਠੌਰਤੇ ਆਯੋ ॥ ਆਵਤ ਬਾਬਾ ਅਗ੍ਰ ਦੇਖਾਯੋ ॥
ਚਢੇ ਤੁਰੰਗ ਬੰਡੀ ਛਬਹੋਈ ॥ ਵਿਚਰਤ ਆਏ ਮੌਜ ਸੋ ਸੋਈ ॥੨੧੨॥
ਤਾਹਿ ਸਿਖ ਪਦ ਬੰਦਨ ਧਾਰੀ ॥ ਬਾਬੇ ਦੀਨੋ ਧੀਰਜ ਭਾਰੀ ॥੨੧੩॥
ਚਿੰਤਾਯੁਤ ਪਿਖਦਯਾ ਸਮੁੰਦਾ ॥ ਜਿਹ ਦਰਸਨ ਨਾਸਤ ਜਗਦੁੰਦਾ ॥੨੧੩॥
ਕਾਰਨ ਜਾਨ ਬੈਨ ਅਸਭਾਖੇ ॥ ਧਰੋ ਚਿੰਤ ਕਿਆ ਮਨ ਅਭਲਾਖੇ ॥
ਬਿਰਥਾ ਅਪਨੀ ਤਾਹਿ ਸੁਨਾਈ ॥ ਨਿੰਮਰੀ ਭੂਤ ਬਿਨਤ ਬਹੁਗਾਈ ॥
ਦੋ॥ ਦਯਾਧਾਰ ਵਰ ਅਸਕਹੇ ਸਭਨ ਸੁਨਤ ਧਰ ਧੀਰ ॥
ਅਪਨ ਸੁਤਾ ਮਮ ਦੀਜੀਏ ਦੁਰਲਭ ਮਿਲਨ ਸਰੀਰ ॥੨੧੫॥
ਚੌ:॥ਉਤਰ ਅਸ੍ਵ ਤੇ ਗਹਿ ਭੁਜ ਤਾਂ ਕੀ ॥ ਬਾਬੇ ਭਾਲ ਮਨੋ ਛਬਛਾਕੀ ॥

ਸਦਨ ਆਇ ਸਭ ਬਾਤ ਸੁਨਾਈ ॥ ਦੋਊ ਮਾਤ ਕੋ ਹਰਖ ਧਰਾਈ ॥
ਸੁਨੋ ਮਾਤ ਇਹ ਸਿਖ ਅਲਾਵੈ ॥ ਦੇਵੈ ਸੁਤਾ ਮੋਹਿ ਕਿਆ ਭਾਵੈ ॥
ਦੋਊ ਮਾਤ ਅਸਬੈਨ ਅਲਾਇ ॥ ਹੇ ਸੁਤ ਕੀਜੈ ਦੇਰ ਨ ਲਾਇ ॥
ਬਾਬੇ ਕਹਾਮਾਤ ਇਹ ਭਾਖੇ ॥ ਹੋਇ ਪ੍ਰਾਤ ਸਭਕਰ ਅਭਲਾਖੇ ॥
ਕਹਾਮਾਤ ਸੁਤ ਬਹੁ ਧਨ ਲੀਜੇ ॥ ਤਤ ਛਿਨ ਸਕਲ ਤਿਆਰੀ ਕੀਜੈ ॥
ਐਸੇ ਕਹੇ ਮਾਤ ਜਬ ਬੈਨਾ ॥ ਮਹਾਂ ਕਾਲ ਮਨ ਆਯੋ ਚੈਨਾ ॥
ਪਰ ਨਿਸਅਹਿ ਸਕਲ ਬਿਹਾਯੋ ॥ ਖਿਰ ਤਖਤ ਸਸ ਸੁੰਦਰ ਆਯੋ ॥
ਦੋ:॥ਅਸ ਆਇਸ ਮਾਤਾ ਕਰੀ ਗਾਵਤ ਨਾਰ ਬਿਅੰਤ ॥
ਭਾਵੀ ਪ੍ਰਬਲ ਦਿਖਾਨ ਹਿਤ ਕੌਤਕ ਕੀਉ ਅਨੰਤ ॥
ਚੌ॥ਕਛਕ ਦੂਰ ਮਹਿਲਨ ਤੇ ਜਾਨ ॥ ਜਾਹਾਂ ਬੈਠੇ ਗੁਰ ਲਾਇ ਦੀਵਾਨੁ ॥
ਤਾਂ ਨਿਸ ਰਹੇ ਤਾਹਿ ਪਹਿਚਾਨੋ ॥ ਦਯਾ ਸਿੰਧ ਗੁਰ ਚਰਤ ਮਹਾਨੋ ॥
ਹੋਤ ਰਾਗ ਬਿਬਜਾਮ ਰਹਾਯੋ ਬਹੁਰੋ ਮਨ ਨਿੰਦ੍ਰਾ ਮੈਲਾਯੋ ॥
ਨਿਜ ਨਿਜ ਸੈਨ ਸਭਨ ਤਬ ਕੀਨੋ ॥ ਬੈਠ ਪਲਘ ਗੁਰ ਅਨਦ ਲੀਨੋ ॥੨੨੨॥
ਕਰ ਚਾਪੀ ਬਿਧੀਆ ਰਸਮਾਤਾ ॥ ਬੀਜਨ ਕਰੈ ਤਾਹਿ ਤਬ ਤਾਤਾ ॥
ਘਨੇ ਦਾਸ ਬੈਠੇ ਵਿਰਜਾਨ ॥ ਗਾਵਤ ਨਾਰੀ ਸੁਨ ਪ੍ਰਭਕਾਨ ॥੨੨੩॥
ਸ੍ਰੀ ਮੁਖ ਤੇ ਅਸਬੈਨ ਅਲਾਏ ॥ ਗਾਵਤ ਮਾਰੂ ਨਾਰ ਮਹਾਏ ॥
ਰੋਵਤ ਕਿਧੋ ਖੋਸ ਨਿਜ ਸੀਸਾ ॥ ਭਾਖ ਦਾਸ ਕਿਆ ਕਹੈ ਜਗਦੀਸਾ ॥
ਦੋ:॥ਇਹ ਤੋ ਗਾਵਤ ਨਾਰ ਬਹੁ ਬਾਬੇ ਰਚਾ ਵਿਵਾਹ ॥
ਬਾਜੇ ਬਜਤ ਅਨੰਤ ਸੋਸਭਮਨ ਬਧੀ ਉਮਾਹ ॥
ਚੋ:ਪ੍ਰਾਤ ਹੋਤ ਸਭਹੀ ਹੋਇ ਕਾਜਾ ॥ ਇਕਠੇ ਜਾਨ ਸਭੀ ਮਹਾਰਾਜਾ ॥
ਸ੍ਰੀ ਮੁਖਤੇ ਕਹੈ ਮਾਰੂ ਬੈਨਾ ॥ ਹੇ ਪ੍ਰਭ ਹਮ ਕੋ ਪਰਤ ਨ ਚੈਨਾ ॥
ਸ੍ਰੀ ਮੁਖ ਤੇ ਪੁਨ ਬੈਨ ਅਲਾਏ ॥ ਮੋਕੋ ਰੋਵਤ ਨਾਰ ਸੁਨਾਇ ॥
ਤੀਨ ਬੇਰ ਐਸੋ ਹੀ ਕਹਾ ॥ ਸਭ ਸੁਨਤ ਮਨ ਵਿਸਮੇ ਲਹਾ ॥
ਦਯਾ ਸਿੰਧ ਪੁਨ ਮੋਨ ਰਹਾਏ ॥ ਬਿਨਾ ਨੀਂਦ ਦ੍ਰਿਗਨੀਂਦ ਉਪਾਇ ॥
ਭਯੋ ਪ੍ਰਾਤ ਨਿਸ ਜਬੈ ਵਿਹਾਈ ॥ ਬਾਬੇ ਆਇਸ ਐਸ ਅਲਾਈ ॥
ਸੁਨਹੁ ਦਾਸ ਸਭਹੀ ਮੁਹਿ ਬੈਨਾ ॥ ਆਇ ਸਮਾਤ ਜਾਨ ਸੁਖਦੈਨਾ ॥
ਲੀਜੋ ਦਰਬ ਸਮਗ੍ਰੀ ਲਿਆਵੋ ॥ ਮੋਹਿ ਵਿਵਾਹਾ ਨਾਹਿ ਦੇਰ ਜਨਾਵੋ ॥

ਦੋ:॥ਬਾਬੇ ਕੀ ਆਇਸ ਸੁਨੀ ਲੀਨੋ ਦਰਬ ਅਨੰਤ ॥
ਜਹਿ ਤਹਿ ਧਾਇ ਦਾਸ ਬਹੁ ਮਨ ਮਹਿ ਹਰਖ ਬਿਅੰਤ ॥
ਸ੍ਵੈ ਯਾ:॥ਗਾਵਤ ਨਾਰ ਮਿਲੀ ਸੁਖ ਸੋਦਰ ਬਾਜਤ ਬਾਜ ਬਡੀ ਛਬ ਹੋਈ ॥
ਪਾਵਤ ਦਾਨ ਅਨਾਥ ਘਨੇ ਜਨ ਅਨੰਦ ਕੈ ਦਰ ਜਾਵਤ ਜੋਈ ॥
ਜਾਮ ਗਯੇ ਅਹਿ ਦੋਇ ਤਬੈ ਸਿਖ ਹੇਤ ਸਿਕਾਰ ਗਏ ਰਸ ਪੋਈ ॥
ਮਹਾਂਕਾਲ ਕਰ ਆਇਸ ਜੋ ਛਿਤ ਧੇਨ ਕੋਹੀਆ ਬਪਜਾਨਨ ਕੋਈ ॥
ਮਿਰਗ ਜਾਨ ਸਿਖ ਤੁਪਕ ਚਲਾਈ ॥ ਲਾਗ ਧੇਨ ਕੇ ਪ੍ਰਾਨ ਬਿਲਾਈ ॥
ਕੋਹੀਆਰੂਪ ਸਕਲਸੁਰ ਧਾਰਾ ॥ ਤਿਸਟ ਤਿਸਟ ਮੁਖ ਬਚਨ ਉਚਾਰਾ ॥
ਤਤ ਛਿਨ ਸਕਲਸਿਖ ਗਹਿ ਲੀਨੇ ॥ ਹਤੀ ਧੇਨ ਤੁਮ ਬਡ ਭੈ ਦੀਨੇ ॥
ਕਹਾ ਸਿਖਬਿਬ ਲੀਜੋ ਧੇਨਾ ॥ ਹਮ ਕੋ ਛੋਡ ਨ ਕੋਪੋ ਨੈਨਾ ॥
ਭਾਖ ਕੋਹੀਆ ਤੋਕੋ ਮਾਰੇ ॥ ਧੇਨ ਸੰਗ ਨਹਿ ਪ੍ਰਾਨ ਉਬਾਰੇ ॥
ਜੇ ਤੁਮ ਰਾਖ ਪ੍ਰਾਨ ਕੀ ਚਾਹਾ ॥ ਧੇਨ ਜੀਵਾਏ ਖੇਦ ਨਹਿਪਾਹਾ ॥
ਭਾਖ ਹੋਇ ਮ੍ਰਿਤ ਨ ਜੀਵੈ ॥ ਕੈਸ ਉਠੇ ਜੋ ਹਲਾ ਹਲ ਪੀਵੈ ॥
ਦੀਉ ਕੋਹੀਆ ਖੇਦ ਅਪਾਰੂ ॥ ਸਿਖਨ ਐਸੇ ਕੀਨ ਪੁਕਾਰੂ ॥
ਦੋ:॥ਬਾਬਾ ਜੀ ਰਛਾ ਕਰੋ ਹਮਰੀ ਚਾਹਾ ਪੁਰਾਇ ॥
ਦੇਖੈ ਨੈਨ ਵਿਵਾਹੁ ਤੁਮ ਦੀਜੈ ਗਾਇ ਜੀਵਾਇ ॥
ਚੌ:॥ਅੰਤਰਜਾਮੀ ਬਾਬੇਜਾਨੀ ॥ ਸੇਵਤ ਸੇਵਕ ਬਿਨੈ ਪਛਾਨੀ ॥
ਉਠੇ ਤੁਰਤ ਓਰ ਸਿਧਾਇ ॥ ਚਢਹੈ ਤਤ ਛਿੰਨ ਦੇਰ ਮਿਟਾਏ ॥
ਜਾਇਸ੍ਰੀ ਮੁਖ ਐਸਅਲਾਯੋ ॥ ਕਾਹੇ ਕੋਹੀਆ ਸੋਰ ਮਚਾਯੋ ॥
ਸਿਖਨ ਕੋ ਕਾਹਿਤ ਦੈ ਖੇਦਾ ॥ ਕਹਾ ਤਾਹਿ ਚਰਤ ਬਲੇਦਾ ॥
ਇਹ ਠਾ ਧੇਨ ਚਰਤ ਥੀ ਆਈ ॥ ਮਾਰ ਤੁਪਕ ਇਨ ਸਿਖਨ ਘਾਈ ॥
ਤੌ ਇਨ ਤਜੈ ਧੇਨ ਜੇ ਜੀਵੈ ॥ ਤੈਸੇ ਚਰੈ ਆਬ ਤਸ ਪੀਵੈ ॥
ਭਾਖੇ ਬੈਨ ਐਸ ਤਿਹੁ ਜਬਹੀ ॥ ਬਾਬਾ ਉਤਰ ਅਸ੍ਰਤੇ ਤਬਹੀ ॥
ਕਰਲਵ ਨਾਸੀ ਨੀਮ ਕੀ ਜਾਨੋ ॥ ਲਏ ਧੇਨ ਸੋ ਬੈਨ ਬਖਾਨੋ ॥
ਦੋ:॥ਉਠਹੁ ਮਾਤ ਨਿੰਦ੍ਰਾ ਤਜੋ ਸੇਵਕ ਕਰੋ ਸਹਾਇ ॥
ਭਗਤ ਸਿੰਘ ਤਤ ਛਿੰਨ ਉਠੀ ਸੁਨਤ ਬੈਨ ਇਮ ਗਾਇ ॥
ਚੌ:॥ਚਰਤ ਘਾਸ ਕੋ ਤੈਸ ਦਿਖਾਈ ॥ ਸਕਲ ਕੋਹੀਆ ਹਰਖ ਧਰਾਈ ॥
ਸਕਲ ਸਿਖ ਤਤ ਛਿੰਨ ਮੁਕਤਾਇ ॥ ਕਰ ਬੰਦਨ ਸੁਰ ਆਨੰਦ ਪਾਏ ॥

ਬਾਬੇ ਕੀ ਉਸਤਤ ਸਭ ਕਰ ਹੈ ॥ ਧੇਨ ਜਿਵਾਇ ਪਰਸ ਪਰੱਰਹੈਂ ॥
ਦਜਾ ਸਿੰਘਵਿਗ ਕਹਾ ਅਲਾਈ ॥ ਬਾਬੇ ਮ੍ਰਿਤਕ ਧੇਨ ਜੀਵਾਈ ॥
ਹਰਿ ਗੋਬਿੰਦ ਐਸੇ ਸੁਨ ਬਾਨੀ ॥ ਬਾਬੇ ਕੀ ਵਿਗ ਮ੍ਰਿਤ ਪਛਾਨੀ ॥
ਕਰਬਿ ਧੂਪ ਸ੍ਰਮ ਅਪਨੇ ਨੈਨਾ ॥ ਨਰ ਅਨ ਹਰ ਸਦ ਹੀ ਸੁਖ ਐਨਾ ॥
ਡੇਢ ਜਾਂਮ ਦਿਨ ਤਬੈ ਰਹਾਯੋ ॥ ਸੋ ਨਵਲਾਸ ਨੰਮਿ ਕੀ ਹਾਥਾ ॥
ਪਗ ਪੰਕਜ ਪਰ ਨਾਯੋ ਮਾਥਾ ॥੨੪੬॥ਦੋਹਿਰਾ॥
ਪੁਨ ਸਨ ਮੁਖ ਠਾਡਾ ਭਯੋਸ੍ਰੀ ਮੁਖ ਬੈਨ ਉਚਾਰ ॥
ਮ੍ਰਿਤ ਜੀਵਾਈ ਧੇਨ ਤੁਮ ਬਲਨਹਿ ਸਕੋ ਸੰਭਾਰ ॥
ਚੌਂ:॥ਕਰਾਮਾਤ ਤੁਮ ਦੇਨੇ ਲਾਗਾ ॥ ਅਸ ਕਰ ਜਗ ਲਾਗੇ ਦਾਗਾ ॥
ਨਹਿ ਸਮਾਵੈ ਏਕ ਮਿਯਾਨਾ ॥ ਦੋਇ ਤੇਗ ਕਹੈ ਕ੍ਰਿਪਾ ਨਿਧਾਨਾ ॥
ਕੈਹਮ ਤਜੈ ਕਿ ਤੁਮਤਜ ਪ੍ਰਾਨਾ ॥ ਸੁਨੋ ਸੰਤ ਜਬ ਐਸ ਬਖਾਨਾ ॥
ਬਾਬਾ ਸੁਨ ਅਸਪ੍ਰਭ ਕੇ ਬੈਨਾ ॥ ਭਗਤ ਸਿੰਘ ਮਨ ਪਾਯੋ ਚੈਨਾ ॥
ਕਰ ਪਰ ਕਰਮਾ ਬੰਦਨ ਧਾਰੀ ॥ ਦੀਉ ਨ ਉਤਰ ਸਮੁਹਾ ਮੁਰਾਰੀ ॥
ਜਿਹਠਾਂ ਬੁਢਣਕੇਰ ਸਥਾਨਾ ॥ ਬਾਬੇ ਤਿਹਠਾਂ ਕੀਜੋ ਪਯਾਨਾ ॥

ਏਹ ਸਾਰੇ ਪ੍ਰਸੰਗ ਵਿੱਚ ਕਰਾਮਾਤਾ ਕੱਲਪ ਕੇ ਦਸਿਆ ਹੈ। ਪੜ੍ਹਕੇ ਵਿਚਾਰ ਕਰਕੇ ਦੇਖੋ ਇਹ ਸਭ ਝੂਠੀਆਂ ਕਲਪਨਾਂ ਹਨ। ਗੁਰੂ ਜੀ ਨੇ ਦਸਿਆ ਹੈ ਕਿ ਕਰਾਮਾਤ ਦੇਖੌਣਾ ਪ੍ਰਮੇਸ਼ਰ ਨਾਲ ਸ਼ੀਕਾ ਕਰਨ ਸਮਾਨ ਹੈ। ਕਰਾਮਾਤ ਕਹਿਰ ਦਾ ਨਾਮ ਹੈ।

ਸੋਰਹਿ ਸੈ ਸੰਮਤ ਪ੍ਰਕਾਸਾ ॥ ਅਉਰ ਬਾਨਵੇਂ ਅਸੂ ਮਾਸਾ ॥
ਦੋ:॥ ਗਏ ਸਪਤ ਦਿਨ ਮਾਸ ਕੇ ਦਸਮ ਸੁਦੀ ਪਛਾਨੁ ॥
ਜੋਤੀ ਜੋਤ ਸਮਾਇ ਤਬ ਬਾਬਾ ਜੀ ਸੁਖ ਮਾਨੁ ॥

ਓਪਰਲਾ ਪ੍ਰਸੰਗ ਗੁਰ ਬਿਲਾਸੀਏ ਕਵੀ ਦਾ ਕਥਨ ਕੀਤਾ ਹੈ ਏਥੇ ਬਾਬੇ ਗੁਰਦਿਤੇ ਜੀ ਦੇ ਵਿਵਾਹ ਦੀ ਬਾਬਤ ਅਗੇ ਹੋਰ ਇਤਿਹਾਸਕਾਰਾਂ ਦੀ ਲਿਖਤਾਂ ਨੂੰ ਪੜ੍ਹੋ ਤੇ ਵੀਚਾਰ ਕਰੋ ਸਹੀ ਕੇਹੜਾ ਹੁੰਦਾ ਹੈ।

ਭਾਈ ਕੇਸਰ ਸਿੰਘ ਛਿਬਰ ਦਾ ਬਿਆਨ :

ਸੰਮਤ ਸੋਲਾ ਸੈ ਤ੍ਰਿਆਸੀਹੈ ਸੀ ਭਇਆ ॥
ਇਕ ਸਿਖ ਹਜੂਰਿ ਡੋਲਾ ਹੈ ਸੀ ਲੈ ਗਿਆ ॥
ਸਾਹਿਬ ਨ ਕੀਤਾ ਛਡਿਆ ਮੋੜ। ਉਨ੍ਹਾਂ ਸਿਖਾਂ ਨਾਲਿ ਬਾਬੇ ਗੁਰਦਿਤੇ ਦੇ ਪਾਇਆ ਜੋੜ।
ਦਇਆ ਦੇਵੀ ਨਾਉ ਬੀਬੀ ਬੇਟੀ ਸਿਖਾਂ ਰਿਖਰਾਵਾਂ ਦੀ ॥

ਬਾਬੇ ਗੁਰਦਿਤੇ ਕੀਤਾ ਕਾਰਜ ਨਾਲਿ ਜੰਞ ਚੜ੍ਹੀ ਭਿਰਵਾਂ ਦੀ ॥
ਨਾ ਪਿਤਾ ਪਾਸੋਂ ਪੁਛਿਆ ਨਾ ਪਿਤਾ ਦੀ ਲਈ ਸਲਾਹ ॥
ਕੀਤਾ ਅਪਨੇ ਆਪ ਬੇ ਪਰਵਾਹੀ ਬਿਆਹੁ ॥
ਸੰਮਤ ਸੋਲਾ ਹੈ ਸੈ ਸੀ ਚਉਰਾਸੀ ਚੜਿਆ ॥
ਅਤੇ ਸਾਹਿਬ ਤ੍ਰਿਆਸੀਵੇ ਸੰਮਤੁ ਖੰਡਾ ਹਥਿ ਫੜਿਆ ॥
ਸਾਹਿਬ ਸਭ ਕਿਛੁ ਆਹਿ ਤਿਆਗ ਕਰਦੇ ਜਾਂਦੇ ॥
ਮਨਸਾ ਜੁਧ ਦੀ ਜੋ ਲੜਨਾ ਹੋਇ ਵਾਂਦੇ ॥
ਇਸ ਕਰਿ ਸਾਹਿਬ ਡੋਲਾ ਛਡਿਆ ਸੀ ਮੋੜ ॥
ਗੁਰਦਿਤੇ ਦੇ ਵੀਆਹ ਤੇ ਕੁੜੀਆ ਸੀ ਗਾਵਦੀਆਂ ॥
ਸੁਣਕੇ ਇਹੁ ਬਚਨ ਅਲਾਇਆ ॥
ਏਹੁ ਕਿਥੇ ਕਰਦੀਆ ਹੈਨ ਰੁਦਨ ਸਾਹਿਬ ਇਉ ਕਹਿਆ ॥
ਬੀਬੀ ਦਇਆ ਦੇਵੀ ਸੁਣਿਆ ਸੁਖਨ ॥
ਮਨ ਵਿਰੱਕਤ ਹੋਇ ਰਹਿਆ ॥
ਮਨ ਮਹਿ ਕਹਿਆ ਮੇਰਾਂ ਨੁਖਾ ਸਾਹਿਬ ਸੁਸਰੇ ਮੇਰੇ ਭਾਈ ॥
ਜੇ ਮੈਨੂੰ ਇਕਲੇ ਹਥਿ ਲਗਨਿ ਤਾਂ ਮੈਂ ਚਰਨੀ ਲਗਿ ਬਿਰਥਾ ਸੁਨਾਈ ॥
ਸੋ ਇਕ ਦਿਨ ਧਾਮ ਆਂਵਦੇ ਮਾਰਗਿ ਤਿਨ ਗਹੇ ॥
ਡਿਗਿ ਚਰਨਾਂ ਉਪਰਿ ਰੋਇ ਰੋਇ ਕੇ ਕਹੇ ਮੈਂ ਹਾਂ ਨਿ ਮਾਣੀ ਮੇਰਾ ਕੋਈ ਨਹੀਂ ॥
ਮੇਰੇ ਕਾਰਜ ਵਿਚ ਜੋ ਗਾਵਦੀਆਨੁ ਜੋ ਤੁਸਾਂ ਰੁਦਨ ਕਹੀ ॥
ਮੈਂ ਆਪ ਨਹੀਂ ਆਈ ਮਾਪੇ ਲੈ ਆਏ ॥
ਮੇਰੇ ਕਹੋ ਕੀ ਹਥਿ ਹੈ ਤੁਸਾਂ ਜੋ ਐਸੇ ਮੰਦੇ ਸੁਖਨ ਅਲਾਏ ॥
ਮੈਂ ਨਿਮਾਣੀ ਨਿਰਾਸੀ ਮੇਰਾ ਕੋਈ ਨਹੀਂ ॥
ਨਾਲੇ ਪਕੜੇ ਚਰਨ ਨਾਲੇ ਰੋਵੈ ਮੁਹੋ ਨਿਮਾਣੀ ਕਹੀ ॥
ਸਾਹਿਬ ਭਏ ਦਇਆਲ ਬਚਨ ਏਹੁ ਤਬ ਕਹਿਆ ॥
ਤੂੰ ਕਿਉਂ ਨਿਮਾਣੀ ਸਭ ਕਿਛੁ ਤੇਰਾ ਹੀ ਹੋਇ ਰਹਿਆ ॥
ਇਹੁ ਬਚਨ ਲੈ ਕੇ ਚਰਨ ਚੁੰਮਿ ਉਠੀ ॥
ਮਨ ਹੋਈ ਖੁਸਾਲੀ ਆਖੈ ਹੁਣ ਮੈਂ ਵੁੱਠੀ ॥
ਬੰਸਾਵਲੀ ਨਾਮਾ ਚਰਨ ਛੇਵਾਂ ॥
ਤਬ ਗੁਰੂ ਹਰਿ ਗੋਬਿੰਦ ਜੀ ਇਹੁ ਬੀਚਾਰ ਹਿਰਦੇ ਕਰਿਆ ॥

ਜੌਂ ਤੁਰਕਾ ਨਾਲ ਵਿਗਾੜੁ ਪਕਾ ਹੈ ਹੋਇਆ ॥
ਸਰੀਰ ਇਕ ਦੁਇ ਲਗਨਿਗੇ ਤੁਰਕਾਂ ਬੀਜ ਖੋਟਾ ਹੈ ਬੋਇਆ ॥
ਜੋ ਗੁਰਦਿੱਤੇ ਨੂੰ ਟਿਕਾ ਗੁਰਿਆਈ ਦਾ ਦੇਈਏ ਅਤੇ ਆਪ ਸੁਰ ਪੁਰ ਦਾਮਗ ਲਈਏ ॥
ਬਾਬਾ ਨਾਮ ਇਸ ਵਾਸਤੇ ਗੁਰਦਿਤੇ ਨੂੰ ਕਹਿਦੇਆਹਿਸਾਰੇ ॥ ਜੋ ਸਰੀਰ ਦੇ ਇਹੁ ਬਡੇਆ ਹੇ ਭਾਰੇ ॥
ਅਤੇ ਆਹੇ ਬਡੇ ਧੀਰਜਵਾਨ ਗੁਨਵਾਨ ॥ ਬਰਕਤਿ ਵਾਲੇ ਆਹੇ ਬੁਧਵਾਨ ॥
ਇਕ ਦੁਇ ਜਾਗਾ ਅਜਮਤਿ ਦਿਖਾਈ ॥ ਨਾਲੇ ਮੁਈ ਗਊ ਜੀ—ਵਾਈ ॥
ਪਿਤਾ ਸੁਣ ਕੇ ਕਲਪਤਿ ਭਏ ॥ ਸੋ ਕਰਿ ਗੁੱਸਾ ਗੁਰਦਿਤਾ ਜੀ ਦੇਹ ਤਜਿ ਗਏ ॥
ਲਘੁ ਸੁਤ ਜੇਤਾਕੇਆਹੇ ਹਰਿਰਾਇ ॥ ਤਾਂਕੋ ਦਾਦੇ ਦਈ ਗੁਰਾਇ ॥
ਸੰਮਤ ਸੋਲਾ ਸੈ ਬਾਨਵੇਂ ਗਏ ॥ ਜੋ ਗੁਰਿਆਈ ਹਰਿਰਾਇ ਜੀ ਨੂੰ ਦੇਵਤ ਭਏ ॥
ਤਾਕੀ ਮਾਤਾ ਕੋ ਦੀਆ ਥਾ ਮਾਣ ॥ ਤੇਰਾ ਹੀ ਹੈ ਸਭ ਕਛੁ ਤੂ ਅਪਣਾ ਹੀ ਜਾਣ ॥
ਬਡਿਆ ਪੁਰਖਾ ਦੇ ਬਚਨ ਅੱਨਥਾ ਨਹੀਂ ਜਾਤੇ ॥ ਉਨ ਕੀ ਸੇਵਾ ਤੇ ਸਭ ਕੋਈ ਵਰ ਸਾਤੇ ॥
ਤੀਨ ਬਰਸ ਆਪ ਪੀਛੇ ਰਹੇ ॥ ਗੁਰ ਹਰਿਰਾਇ ਜੀ ਸਭ ਕੋਈ ਕਹੇ ॥

ਬਾਬਾ ਗੁਰਦਿਤਾ ਜੀ ਭਾਈ ਗੁਰਦਿਤੇ ਘੂਰੇ ਦੀ ਬੇਟੀ ਬੀਬੀ ਦਇਆ ਦੇਈ ਨਾਲ ਸੰਜੋਗ ਕਰਦਿਆਂ ਹੀ ਪਰਲੋਕ ਪਧਾਰ ਗਏ ਅਤੇ ਓਦੋਂ ਹੀ ਬੀਬੀ ਦਇਆ ਦੇਈ ਦੇ ਉਦਰ ਨਿਵਾਸੀ ਬਾਲ ਨੂੰ ਗੁਰਿਆਈ ਦਾ ਵਰ ਹੋ ਗਿਆ ਯਾਨੀ ਟਿਕਾ ਥਾਪਿਆ ਗਿਆ ਸੀ।

ਗੁਰ ਪ੍ਰਨਾਲੀ ਪੰਜਵੀ ਕ੍ਰਿਤ ਗੁਲਾਬ ਸਿੰਘ ਜੀ ਸੰਮਤ ੧੯੦੮, ਬਿਕ੍ਰਮੀ ਲਿਖਤ ਹੈ। ਦੂਸਰਾ ਮਹਲ ਬਾਬੇ ਜੀ ਕਾ ਦੇਯਾ ਦੇਈ ਨਾਮ।

ਰਿਖਰਾਵਾਂ ਖਤ੍ਰੀਆਂ ਦੀ ਪੁਤ੍ਰੀ ਥੀ ਲਖਾਯੋ ਹੈ ॥ ਸਹਿਬ ਸਲਾਹ ਬਿਨਾ ਬਾਬੇ ਜੀ ਨੇ ਡੋਲਾ ਲੀਯੋ ਹੈ ॥
ਸੰਮਤ ਸੋਲਾ ਸੈ ਤ੍ਰਿਆਸੀ ਬਿਖੈ ਇਹ ਗਾਯੋ ॥ ਬਾਬੇ ਕੇ ਮਹਲ ਦੁਇ ਸੁਧਾਸਰੀ ਪਰਨਾਲੀ ਬਿਖੈ ॥
ਗੁਰੂ ਹਰਿ ਰਾਇ ਜਨਮੁ ਜਨਾਯੋ ਹੈ ॥੧੦॥ ਦਯਾ ਦੇਈ ਤੇ ਜਨਮ ਲਿਖਯੋ ਹੈ ॥੧੧॥

ਗੁਰ ਪ੍ਰਣਾਲੀ ਛੇਵੀਂ ॥

ਦੂਸਰਾ ਮਹਲ ਬਾਬੇ ਕਾ ਦਯਾ ਦੇਵੀ ਰਿਖਰਾਂਵਾ ਖਤ੍ਰੀਆ ਕੀ ਧੀ। ਬਾਬੇ ਨੇ ਸਾਹਿਬਾ ਕੀ ਸਲਾਹ ਬਿਨਾਂ ਡੋਲਾ ਲੇ ਲੀਆ। ਸੰਮਤ ੧੬੮੩ ਬਿਖੈ ਏਹਾ ਬਾਬੇ ਕੇ ਦੋ ਮਹਲ ਅੰਮ੍ਰਿਤਸਰੀ ਪ੍ਰਣਾਲੀ ਬਿਖੈ ਗੁਰੁ ਹਰਿ ਰਾਇ ਕਾ ਜਨਮ ਦਯਾ ਦੇਈ ਤੇ ਲਿਖਿਆ ਹੈ।

ਗੁਰ ਬਿਲਾਸ ੬ ਪਾਤਸ਼ਾਹ ਜੀ ਦੇ ਵਿਚ ਬਾਬੇ ਗੁਰਦਿਤੇ ਜੀ ਦੇ ਦੂਜੇ ਵਿਵਾਹ ਦੇ ਬਾਰੇ ਗੁਰ ਬਿਲਾਸੀਏ ਕਵੀ ਨੇ ਲਿਖਿਆ ਹੈ-ਕਿ ਵਿਵਾਹਾ ਦਾ ਕਾਰਜ ਹੋ ਰਹਿਆ ਸੀ ਉਸੇ ਸਮੇਂ ਸਿਖ ਸ਼ਿਕਾਰ ਗਏ ਤਾਂ ਓਨਾਂ ਪਾਸੋਂ ਗਊ ਗੋਲੀ ਲਗ ਕੇ ਮਰ ਗਈ ਤਾਂ ਓਨਾਂ ਸਿਖਾਂ ਨੇ ਬਾਬੇ ਗੁਰਦਿਤੇ ਜੀ ਨੂੰ ਯਾਦ ਕੀਤਾ ਤਾਂ ਬਾਬਾ ਜੀ ਗਏ ਜਾ ਕੇ ਗਊ ਜੀਵਾਈ ਤਾਂ ਸਿਖਾਂ ਪਾਸੋਂ ਸੁਣਕੇ ਗੁਰੂ ਛੇਵੇਂ ਪਾਤਸ਼ਾਹ ਜੀ ਨੇ ਬਾਬੇ ਗੁਰਦਿਤੇ ਜੀ ਨੂੰ ਪਾਸ ਸੱਦ ਕੇ ਫੁਰਮਾਇਆ ਕਿ ਤੁਸੀਂ ਕਰਾਮਾਤ ਲੋਕਾਂ

ਨੂੰ ਦੇਣ ਲਗ ਗਏ ਹੋ ਜੋ ਅਕਾਲ ਪੁਰਖੁ ਦੇ ਭਾਣੇ ਤੋਂ ਉਲਟ ਗਊ ਜੀਵਾਈ ਹੈ। ਏਸ ਤਰ੍ਹਾਂ ਹੁਣ ਬਣ ਨਹੀਂ ਆਉਂਦੀ।

ਦੋ ਤਲਵਾਰਾਂ ਇਕ ਮਿਆਨ ਵਿਚ ਨਹੀਂ ਸਮਾਂਦੀਆਂ। ਹੁਣ ਜਾਂ ਤੁਸੀਂ ਜਗਤ ਤੇ ਰਹੋ ਜਾਂ ਅਸੀਂ ਰਹਿੰਦੇ ਹਾਂ। ਏਹ ਬਚਨ ਗੁਰੂ ਜੀ ਦੇ ਸੁਣ ਕੇ ਅਗਉਂ ਉਤਰ ਕੋਈ ਨਹੀਂ ਦਿਤਾ ਤੇ ਵਿਵਾਹ ਦਾ ਪੁਸ਼ਾਕਾ ਗਲ ਪਹਿਨੇ ਪਹਿਨਾਏ ਬਾਹਰ ਜਾ ਕੇ ਸੰਮਤ ੧੬੯੨ ਵਿਚ ਜੋਤੀ ਜੋਤ ਸਮਾ ਗਏ।

ਗੁਰ ਬਿਲਾਸ ਵਿਚ ੧੬੯੨ ਹੈ ਤੇ ਹੋਰਨਾਂ ਇਤਿਹਾਸਾਂ ਵਿਚ ਬਾਬੇ ਦਾ ਸਮੋਣਾ ਸੰਮਤ ੧੬੯੫ ਦਾ ਹੈ। ਦੂਜੇ ਇਤਿਹਾਸਕਾਰਾਂ ਦਾ ਕਥਨ ਹੈ ਕਿ ਬਾਬੇ ਗੁਰਦਿਤੇ ਜੀ ਨੇ ਦੂਜਾ ਵਿਵਾਹ ਗੁਰੂ ਜੀ ਦੀ ਆਗਿਆ ਤੋਂ ਬਿਨਾਂ ਕਰ ਲਿਆ ਤੇ ਡੋਲਾ ਘਰ ਮਹਿਲਾਂ ਵਿਚ ਲੈ ਗਇ ਤਾਂ ਅਠ ਦਸ ਦਿਨ ਗੁਰੂ ਜੀ ਦੇ ਸਾਮਣੇ ਨਹੀਂ ਆਏ ਨਾਲੇ ਗਊ ਜੀਵਾਈ ਜੋ ਸਿਖਾਂ ਪਾਸੋਂ ਗੋਲੀ ਲਗਕੇ ਮਰ ਗਈ ਸੀ ਸ਼ਕਾਰ ਖੇਡਦਿਆਂ ਤਾਂ ਗੁਰੂ ਜੀ ਨੇ ਬਾਬੇ ਗੁਰਦਿਤੇ ਜੀ ਨੂੰ ਨਿਰਾਜ਼ ਹੋ ਕੇ ਪਾਸ ਸਦ ਕੇ ਫੁਰਮਾਇਆ ਕਿ ਤੁਸੀਂ ਨਿਜੈਜ਼ ਕਰਾਮਾਤ ਲੋਕਾਂ ਨੂੰ ਦੇਣ ਲਗ ਗਏ ਹੋ, ਇਕ ਤਾਂ ਤੁਸਾਂ ਉਲਟ ਅਕਾਲਪੁਰਖੁ ਦੇ ਭਾਣੇ ਤੋਂ ਗਊ ਜੀਵਾਈ ਹੈ ਦੂਜੇ ਸਾਡੀ ਆਗਿਆ ਤੋਂ ਬਗੈਰ ਵਿਵਾਹ ਦੂਜਾ ਕਰ ਲਿਆ ਹੈ ਏਸ ਵਾਸਤੇ ਹੁਣ ਦੋ ਤਲਵਾਰਾਂ ਇਕ ਮਿਆਨ ਵਿਚ ਨਹੀਂ ਸਮਾ ਸਕਦੀਆਂ। ਹੁਣ ਜਾਂ ਤੁਸੀਂ ਜਗਤ ਤੇ ਰਹੋ ਜਾਂ ਅਸੀਂ ਰਹਿੰਦੇ ਹਾਂ ਤਾਂ ਬਾਬਾ ਗੁਰਦਿਤਾ ਜੀ ਗੁਰੂ ਜੀ ਦੇ ਬਚਨ ਨਿਰਾਜ਼ਗੀ ਦੇ ਸੁਣਕੇ ਵਿਵਾਹ ਦਾ ਪੁਸ਼ਾਕਾ ਪਹਿਨੇ ਪਹਿਨਾਏ ਬਾਹਰ ਜਾ ਕੇ ਸੰਮਤ ੧੬੯੫ ਵਿਚ ਸਮਾ ਗਏ। ਏਹ ਸੰਮਤ ੧੬੯੫ ਪੁਰਾਤਨ ਇਤਿਹਾਸਕ ਗ੍ਰੰਥਾਂ ਵਿਚ ਲਿਖਿਆ ਹੈ। ਜੋ ਕਾਨਗੜ੍ਹ ਵਾਲੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਹੈ ਸੰਮਤ ੧੭੧੮ ਦੀ ਓਸ ਵਿਚ ਬਾਬੇ ਗੁਰਦਿਤੇ ਜੀ ਦਾ ਜੋਤੀ ਜੋਤ ਸਮੋਣ ਦਾ ਸੰਮਤ ੧੬੯੫ ਹੈ। ਫੇਰ ਦਬਿਸਤਾਨਿ ਮਜ਼ਾਹਬ ਵਿਚ ਲਿਖਿਆ ਹੈ ਸੰਮਤ ੧੬੯੫ ਬਿਕ੍ਰਮੀ ਮਿਤੀ ਚੇਤ ਸੁਦੀ ੯ ॥੧੦॥ ਵੀ ਦੀ ਦਸਦੇ ਹਨ॥ ਬਾਬੇ ਗੁਰਦਿਤੇ ਦੇ ਸਮੋਣਤੋਂ ਬਾਦ ਜੋ ਦੂਜੇ ਵਿਵਾਹਾਂ ਦੇ ਮਹਿਲ ਮਾਤਾ ਦਇਆ ਦੇਈ ਸਨ ਓਨਾ ਨੇ ਗੁਰੂ ਛੇਵੇਂ ਪਾਤਸ਼ਾਹ ਨੂੰ ਮਹਿਲ ਵੱਲ ਇਕਲਿਆਂ ਆਉਂਦੇ ਦੇਖ ਕੇ ਚਰਨਾਂ ਤੇ ਪੈ ਕੇ ਰੋਇ ਕੇ ਮੁਖੋਂ ਆਖਿਆ ਮਹਾਰਾਜ ਜੀ ਮੈਂ ਨਿਮਾਨੀ ਹਾਂ ਮੇਰਾ ਕੋਈ ਆਸਰਾ ਨਹੀਂ ਹੁਣ ਮੇਰੇ ਤੇ ਖਿਮਾਂ ਕਰੋ ਮੈਨੂੰ ਬਖਸ਼ੋ ਮੇਰਾ ਤਾਂ ਕੋਈ ਗੁਨਾਹ ਨਹੀਂ ਹੈ ਮੈਂ ਆਪਿ ਨਹੀਂ ਆਈ ਮਾਪਿਆਂ ਨੇ ਲਿਆ ਕੇ ਵਿਵਾਹ ਦਿਤਾ ਹੈ। ਮਹਾਰਾਜ ਜੀ ਜੋ ਮੇਰੇ ਵਿਵਾਹ ਦੇ ਸਮੇਂ ਘਰ ਵਿਚ ਮਾਈਆਂ ਗਉਂਦੀਆਂ ਸਨ ਜੋ ਓਨਾਂ ਦਾ ਗਉਣਾ ਸੁਣ ਕੇ ਆਪ ਜੀ ਨੇ ਬਚਨ ਕੀਤਾ ਸੀ ਕਿ ਘਰਿ ਵਿਚੋ ਰੋਣ ਦੀਆਂ ਅਵਾਜ਼ਾਂ ਕੈਸੀਆਂ ਆ ਰਹੀਆਂ ਹਨ ਤਾਂ ਸਿਖਾਂ ਨੇ ਆਪ ਜੀ ਦੇ ਬਚਨ ਸੁਣ ਕੇ ਆਖਿਆ ਕਿ ਮਹਾਰਾਜ ਜੀ ਇਹ ਤਾਂ ਘਰ ਵਿਚ ਮਾਈਆਂ ਗਉਂਦੀਆਂ ਹਨ ਖੁਸ਼ੀਆਂ ਦੇ ਗਉਣ, ਘਰ ਵਿਚ ਤਾਂ ਬਾਬੇ ਗੁਰਦਿਤੇ ਜੀ ਦਾ ਵਿਵਾਹ ਰਚਿਆ ਹੈ ਤਾਂ ਆਪ ਜੀ ਨੇ ਬਚਨ ਕੀਤਾ ਕਿ ਇਹ ਸੋਹਾਗ ਸੁਹਾਵਣਾ ਨਹੀਂ ਹੋਇਗਾ। ਮਹਾਰਾਜ ਜੀ ਆਪ ਜੀ ਦੇ ਇਹ ਬਚਨ ਕਰੋਪੀ ਦੇ ਜੋ

ਛੁਟੇ ਹਨ ਏਨਾ ਦੀ ਮੈਨੂੰ ਨਿਮਾਣੀ ਨੂੰ ਮਾਫੀ ਬਖਸ਼ੋ ਮੇਰਾ ਕੋਈ ਥਾਂ ਨਹੀਂ ਹੁਣ ਤਾਂ ਸਤਿਗੁਰੂ ਜੀ ਦਇਆਲ ਹੋ ਕੇ ਮਾਤਾ ਦਇਆ ਦੇਈ ਨੂੰ ਵਰ ਦਿਤੇ ਕਿ ਤੂੰ ਕਿਉ ਨਿਮਾਣੀ ਸਭ ਕਿਛੁ ਤੇਰਾ ਹੀ ਹੋਇ ਰਹਿਆ।

ਏਹੁ ਬਚਨ ਲੈਕੇ ਚਰਨ ਚੁਮਿ ਉੱਠੀ॥ ਮਨਹੋਈ ਖੁਸ਼ਾਲੀ ਆਖੈ ਹੁਣ ਮੈ ਵੁੱਠੀ ॥
ਜੋ ਗੁਰਿਆਈ ਹਰਿ ਰਾਇ ਜੀ ਨੂੰ ਦੇਵਤ ਭਏ॥ ਤਾਕੀ ਮਾਤਾ ਕੋ ਦੀਆ ਥਾ ਮਾਣ ॥
ਤੇਰਾ ਹੀ ਹੈ ਸਭ ਕਛੁ ਤੂ ਅਪਨਾ ਜਾਣ॥ ਗੁਰ ਹਰਿ ਰਾਇ ਜੀ ਸਭ ਕੋਈ ਕਹੈ ॥

ਬਾਬਾ ਗੁਰਦਿਤਾ ਜੀ ਭਾਈ ਗੁਰਦਿਤੇ ਘੁਰੇ ਦੀ ਬੇਟੀ ਬੀਬੀ ਦਇਆ ਦੇਈ ਨਾਲ ਸੰਜੋਗ ਕਰਦਿਆਂ ਹੀ ਪਰਲੋਕ ਪਧਾਰ ਗਏ ਅਤੇ ਓਦੋਂ ਹੀ ਮਾਤਾ ਦਇਆ ਦੇਈ ਦੇ ਉਦਰ ਨਿਵਾਸੀ ਬਾਲ ਨੂੰ ਗੁਰਿਆਈ ਦਾ ਵਰ ਹੋ ਗਿਆ ਦਸਿਆ ਹੈ, ਬਾਕੀ ਜੋ ਗੁਰ ਬਿਲਾਸੀਏ ਕਵੀ ਨੇ ਲਿਖਿਆ ਹੈ ਕਿ ਧੀਰਮਲ ਤੇ ਗੁਰੂ ਹਰਿ ਰਾਇ ਜੀ ਦੋਵੇਂ ਮਾਤਾ ਨੱਤੀ ਦੀ ਕੁਖੋਂ ਪ੍ਰਗਟ ਹੋਏ ਹਨ ਏਹ ਗੱਲ ਗਲਤ ਹੈ ਏਹ ਤਾਂ ਦੋ ਹੀ ਮਾਤਾ ਤੋਂ ਪ੍ਰਗਟ ਹੋਏ ਹਨ। ਬਾਬੇ ਗੁਰਦਿਤੇ ਜੀ ਦੇ ਸਮਾਇ ਤੋਂ ਬਾਦ ਬਾਬਾ ਜੀ ਸਮਾਏ ਹਨ ਸੰਮਤ ੧੬੯੫ ਚੇਤ੍ਰ ਮਹੀਨੇ ਵਿਚ। ਤੇ ਧੀਰ ਮਲ ਦਾ ਜਨਮ ਮਾਤਾ ਨਤੀ ਦੀ ਕੁਖੋਂ ਹੋਇਆ ਹੈ। ਸੰਮਤ ੧੬੯੬ ਮਿਤੀ ੮ ਕਤਕ ਨੂੰ ਜਨਮੇ ਹਨ ਦੋਵਾਂ ਦਾ ਆਪਸ ਵਿਚ ਚਾਰ ਮਹੀਨਿਆ ਦਾ ਫਰਕ ਹੈ। ਸ੍ਰੀ ਗੁਰੂ ਹਰਿ ਰਾਇ ਸਾਹਿਬ ਜੀ ਮਾਤਾ ਦਇਆ ਦੇਈ ਦੀ ਕੁਖੋਂ ਸੰਮਤ ੧੬੯੬ ਮਾਘ ੧੩ ਨੂੰ ਪ੍ਰਗਟ ਹੋਇ ਸਨ।

ਗੁਰ ਬਿਲਾਸ ੬ ਪਾਤਸ਼ਾਹ ਜੀ ਦੇ ਵਿਚ ਜੋ ਸੰਮਤਾਂ ਲਿਖੀਆਂ ਹਨ ਗੁਰ ਬਿਲਾਸੀਏ ਕਵੀ ਨੇ ਇਹ ਸਹੀ ਠੀਕ ਨਹੀਂ ਜਾਪਦੀਆਂ। ਹੋਰਨਾ ਨਾਲ ਮੇਲ ਨਹੀਂ ਖਾਂਦੀਆਂ। ਕਿਉਂਕਿ ਗੁਰ ਬਿਲਾਸ ਵਿਚ ਕਵੀ ਪਾਸੋਂ ਸਮੇਂ ਦੇ ਆਗੂਆਂ ਨੇ ਇਹ ਸਹੀ ਘਾੜਤ ਘੜਾਈ ਹੈ ਕਿ ਅਸਲ ਬੀੜ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਾਡੇ ਪਾਸ ਹੈ ਜੋ ਭਾਈ ਗੁਰਦਾਸ ਜੀ ਨੇ ਲਿਖੀ ਤੇ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਲਿਖਾਈ ਸੀ। ਅਗੇ ਥਾਂ ਥਾਂ ਤੇ ਧੀਰ ਮਲ ਦਾ ਨਾਮ ਲਿਖਿਆ ਹੈ ਬੀੜ ਰਖਣ ਬਾਰੇ ਅਗੇ ਪੜ੍ਹ ਕੇ ਦੇਖੋ। ਬਾਬੇ ਗੁਰਦਿਤੇ ਦਾ ਪ੍ਰਗਟ ਹੋਣਾ ਸੰਮਤ ੧੬੭੦।

ਧੀਰ ਮਲ ਦਾ ਜਨਮ ਮਾਤਾ ਨਤੀ ਕੁਖੋਂ ਸੰਮਤ ੧੬੮੩।੧੦ ਮਾਘ ਦਾ ਦਸਿਆ ਹੈ ਉਸ ਵਖਤ ਬਾਬੇ ਗੁਰਦਿਤੇ ਦੀ ਉਮਰ ੧੩ ਸਾਲ ਦੀ ਬਣਦੀ ਹੈ। ਜਦ ਕਰਤਾਰਪੁਰ ਦਾ ਜੰਗ ਕਰਕੇ ਸੰਮਤ ੧੬੯੧।੨੪। ਹਾੜ ਨੂੰ ਗੁਰੂ ਛੇਵੇਂ ਪਾਤਸ਼ਾਹ ਜੀ ਕਰਤਾਰਪੁਰ ਤੋਂ ਕੀਰਤਪੁਰ ਨੂੰ ਜਾ ਰਹਿ ਸਨ ਉਸ ਵਖਤ ਧੀਰਮਲ ਅਠਾਂ ਸਾਲਾਂ ਦੇ ਬਣਦੇ ਹਨ ਜਦ ਗੁਰੂ ਸਾਹਿਬ ਤੋਂ ਤੇ ਸਭ ਤੋਂ ਆਕੀ ਹੋ ਕੇ ਧੀਰ ਮਲ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਰੱਖ ਲਈ ਨਾਲੇ ਹੋਰ ਸਮਾਨ ਘਰ ਦਾ ਸਾਂਭ ਲਿਆ।

ਇਹ ਅਨ ਘੜਤ **ਸਾਖੀ ਘੜੀ ਹੈ** ਗੁਰਬਿਲਾਸੀਏ ਨੇ ਹੋਰ ਇਤਿਹਾਸਕਾਰ ਤਾਂ ਧੀਰ ਮਲ ਦਾ ਜਨਮ ਸੰਮਤ **੧੧੯੬ ਮਿਤੀ** ਕਤਕ ੮ ਦਾ ਦਸਦੇ ਹਨ ਜੋ ਬੀੜ ਰਖਣ ਦੀ ਸਾਖੀ ਹੈ

ਓਸ ਸਮੇਂ ਤਾਂ ਧੀਰ ਮਲ ਜਨਮਿਆ ਵੀ ਨਹੀਂ ਸੀ। ਅਗੇ ਜੋ ਬਾਬੇ ਗੁਰਦਿਤੇ ਦੇ ਅੰਤ ਸਮਾ ਜਾਣ ਤੇ ਜਦ ਗੁਰੂ ਜੀ ਨੇ ਧੀਰ ਮਲ ਨੂੰ ਸਦਿਆ ਤੇ ਨਾਲੇ ਫੁਰਮਾਇਆ ਕਿ ਗੁਰੂ ਗ੍ਰੰਥ ਸਾਹਿਬ ਦੀ ਬੀੜ ਲਈ ਅਉਣੀ ਬਾਬੇ ਜੀ ਦੇ ਨਮਿਤ ਪਾਠ ਕਰਨ ਵਾਸਤੇ। ਪਰ ਧੀਰ ਮਲ ਆਪ ਤਾਂ ਗਿਆ ਨਹੀਂ ਤੇ ਨਾ ਹੀ ਬੀੜ ਦਿਤੀ। ਇਹ ਅਨਘੜਤ ਸਾਖੀ ਘੜੀ ਹੈ ਗੁਰਬਿਲਾਸੀਏ ਨੇ। ਬਾਬਾ ਗੁਰਦਿਤਾ ਜੀ ਤਾ ਸੰਮਤ ੧੬੯੫। ਚੇਤ ਵਿਚ ਸਮਾਏ ਹਨ ਤੇ ਧੀਰ ਮਲ ਮਾਤਾ ਨਤੀ ਦੀ ਕੁਖੋਂ ਸੰਮਤ ੧੬੯੬। ਮਿਤੀ ਕਤਕ ੮ ਵਿਚ ਜਨਮੇ ਹਨ। ਜੋ ਗੁਰ ਬਿਲਾਸੀਏ ਨੇ ਦਸਿਆ ਹੈ ਕਿ ਸ੍ਰੀ ਗੁਰੂ ਹਰਿ ਰਾਇ ਸਾਹਿਬ ਜੀ ਮਾਤਾ ਨੀਤੀ ਦੀ ਕੁਖੋਂ ਜਨਮੇ ਨੇ ਸੰਮਤ ੧੬੮੯ ੧੩ ਮਾਘ ਵਿਚ ਤੇ ਹੋਰ ਇਤਿਹਾਸ ਵਿਚ ਦਸਿਆ ਹੈ ਕਿ ਸ੍ਰੀ ਗੁਰੂ ਹਰਿ ਰਾਇ ਸਾਹਿਬ ਜੀ ਦਾ ਪ੍ਰਗਟ ਹੋਣਾ ਮਾਤਾ ਦਇਆ ਦੇਈ ਦੀ ਕੁਖੋਂ ਸੰਮਤ ੧੬੯੬ ੧੩ ਮਾਘ ਵਿਚ ਦਸਿਆ ਹੈ। ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ ਜੋਤੀ ਜੋਤ ਸਮਾਏ ਸੰਮਤ ੧੭੦੧ ਚੜ੍ਹਦੇ ਬਿਕ੍ਰਮੀ ਚੇਤ੍ਰ ਸੁਦੀ ਪੰਚਮੀ ਨੂੰ ਲਿਖਿਆ ਹੈ। ੧੬੯੬। ੧੩ ਮਾਘ ਜਨਮ ਸ੍ਰੀ ਗੁਰੂ ਹਰਿ ਰਾਇ ਸਾਹਿਬ ਜੀ ਦਾ।

ਜੋ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਅਸੀਂ ਸਹੀ ਖੋਜ ਕਰ ਕੇ ਦੇਖਿਆ ਹੈ ਕਿ ਜੋ ਭਾਈ ਗੁਰਦਾਸ ਨੇ ਲਿਖੀ ਤੇ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਲਿਖਾਈ ਬਣਦੀ ਹੈ। ਓਸ ਤੇ ਸੰਮਤ ੧੬੬੧ ਭਾਦੋਂ ਏਕਮ ਸੁਦੀ ਸੀ ਓਸ ਤੋਂ ਜੋ ਭਾਈ ਬੰਨੋ ਨੇ ਉਤਾਰਾ ਕੀਤਾ ਸੀ ਓਸ ਤੇ ਵੀ ਸੰਮਤ ੧੬੬੧ ਅਸੂ ਵਦੀ ੧ ਪੋਥੀ ਲਿਖ ਪਹੁੰਚੇ। ਲਿਖਿਆ ਦੇਖਿਆ ਹੈ। ਭਾਈ ਬੰਨੋਵਾਲੀ ਬੀੜ ਤੋਂ ਪਹਿਲੇ ਸਾਲ ਹੀ ਜੋ ਉਤਾਰਾ ਕੀਤਾ ਹੈ ਇਕ ਖਤ੍ਰੀ ਸਿਖ ਨੇ ਜੋ ਮਾਂਗਟ ਦੇ ਲਾਗੇ ਬੋਹਤ ਪਿੰਡ ਹੈ ਉਸ ਤੇ ਵੀ ਸੰਮਤ ੧੬੬੧ ਕਤਕ ਸੁਦੀ ੫ ਲਿਖਿਆ ਹੋਇਆ ਹੈ। ਬਾਕੀ ਅਕਬਰ ਬਾਦਸ਼ਾਹ ਦੇ ਪਾਸ ਚੰਦੂ ਨੇ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਵਿਰੁਧ ਝੂਠੀ ਚੁਗਲੀ ਕੀਤੀ ਕਿ ਇਹਨਾਂ ਨੇ ਇਕ ਗ੍ਰੰਥ ਲਿਖਿਆ ਹੈ ਜਿਸ ਵਿਚ ਹਜ਼ਰਤ ਮੁਹੰਮਦ ਸਾਹਿਬ ਦੀ ਉਸਤਤ ਨਹੀਂ ਕੀਤੀ ਸਗੋਂ ਨਿੰਦਿਆ ਕੀਤੀ ਹੈ ਤਾਂ ਅਕਬਰ ਨੇ ਸੁਣ ਕੇ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਲਾਹੌਰ ਸਦਿਆ ਉਸ ਵਖਤ ਸੰਮਤ ੧੬੫੮ ਹੈ ਸੀ।

ਕਰਤਾਰ ਪੁਰੀ ਬੀੜ ਤੇ ਜੋ ਸੰਮਤ ਲਿਖਿਆ ਹੈ ਕਿ ਸੰਮਤ ੧੬੬੧ ਮਿਤੀ ਭਾਦੋਂ ਵਦੀ ੧ ਪੋਥੀ ਲਿਖ ਪਹੁਚੇ ਇਹ ਸੰਮਤ ੧੩ ਸਾਲ ।ਪਛੋਂ ਦਾ ਬਣਦਾ ਹੈ ਉਪਰਲੀਆਂ ਬੀੜਾਂ ਦੇ ਸੰਮਤਾਂ ਨਾਲੋਂ ਅਸਲ ਬੀੜ ਤਾਂ ਜਿਸ ਤੇ ਸੰਮਤ ੧੬੬੮। ਭਾਦੋਂ ਸੁਦੀ ਏਕਮ। ਸੀ ਉਹ ਬੀੜ ਤਾਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਨੇ ਸਤਲੁਜ ਦੀ ਭੇਟਾ ਸਦਾ ਵਾਸਤੇ ਕਰ ਦਿਤੀ ਸੀ। ਇਤਹਾਸਾਂ ਵਿਚ ਦਸਿਆ ਹੈ ਕਿ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ ਦੇ ਜੋਤੀ ਜੋਤ ਸਮਾਣੇ ਤੋਂ ਬਾਦ ਅਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਪਾਸ ਪਹੁੰਚੀ ਜਿਸਤੋਂ ਉਤਾਰਾ ਕਰ ਕੇ ਰਾਮ ਰਾਇ ਜੀ ਨੂੰ ਦੇ ਕੇ ਦਿਲੀ ਭੇਜਿਆ ਸੀ ਬਾਦ ਵਿਚ ਸ੍ਰੀ ਗੁਰੂ ਹਰਿ ਕ੍ਰਿਸ਼ਨ ਸਾਹਿਬ ਜੀਦੇ ਪਾਸ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਪਹੁੰਚੀ ਜਦ ਦਿਲੀ ਵਿਚ ਪਹੁੰਚੇ ਹਨ। ਪਹਿਲੀ

ਵਸਾਖ ਸੰਮਤ ੧੭੨੧ ਨੂੰ ਤਾਂ ਅੰਤ ਭਾਣੇ ਦੇ ਸਮੇਂ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਨੇ ਫੁਰਮਾਇਆ "ਬਾਬਾ ਹੈ ਬਕਾਲੇ" ਕਹਿ ਕੇ ਮਾਤਾ ਜੀ ਨੂੰ ਤੇ ਮੁਖੀ ਆਗੂਆਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਅਰ ਨੱਲੇਰ ਤੇ ਪੰਜ ਪੈਸੇ ਦੇ ਕੇ ਹੁਕਮੁ ਕੀਤਾ ਕਿ ਬਾਬਾ ਬਕਾਲੇ ਹੈ ਇਹ ਵਸਤੂਆਂ ਬਾਬੇ ਜੀ ਨੂੰ ਜਾ ਕੇ ਦੇ ਦੇਣੀਆਂ ਤੇ ਮਥਾ ਟੇਕਣਾ। ਇਤਨਾ ਕਹਿਕੇ ਸ੍ਰੀ ਗੁਰੂ ਹਰਿ ਕ੍ਰਿਸ਼ਨ ਸਾਹਿਬ ਜੀ ਜੋਤੀ ਜੋਤ ਸਮਾ ਗਏ ਜੋ ਵਸਤੂਆਂ ਦਿਤੀਆਂ ਸਨ ਓਹ ਲੈ ਕੇ ਮਾਤਾ ਜੀ ਨੇ ਤੇ ਆਗੂਆਂ ਨੇ ਬਾਬੇ ਬਕਾਲੇ ਆ ਕੇ ਗੁਰੂ ਤੇਗ ਬਹਾਦਰ ਸਾਹਿਬ ਜੀ ਨੂੰ ਸੰਭਾਲੀਆਂ ਤੇ ਮਥਾ ਟੇਕਿਆ ਤੇ ਫਾਰਗ ਹੋ ਗਏ ਸਭ। ਅਗੇ ਜੋ ਧੀਰਮਲ ਦਾ ਝਗੜਾ ਗੁਰ ਗੱਦੀ ਦੇ ਬਾਰੇ ਨੌਵੇਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨਾਲ ਚਲਿਆ ਓਸ ਦਾ ਕਾਰਨ ਇਹ ਬਣਦਾ ਹੈ ਕਿ ਬਾਬੇ ਗੁਰਦਿਤੇ ਜੀ ਤੋਂ ਬਾਦ ਧੀਰਮਲ ਦੀ ਖੁਦ ਗੱਦੀ ਆਪਣੀ ਚਲਦੀ ਸੀ ਮਾਝੇ ਅਰ ਦੁਆਬੇ ਵਿਚ ਬਹੁਤ ਸਿਖੀ ਸੀ। ਪਰ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਗੁਰਗਦੀ ਮਿਲਣ ਨਾਲ ਧੀਰਮਲ ਨੇ ਸਮਝਿਆ ਕਿ ਗੁਰਿਆਈ ਦੀ ਗੱਦੀ ਮੇਰੇ ਪਾਸੋਂ ਜਾਂਦੀ ਹੈ ਸਰੀਕਾਂ ਪਾਸ ਤਾਂ ਝਟ ਹੀ ਧੀਰਮਲ ਨੇ ਨੌਵੇਂ ਗੁਰੂ ਪਾਸੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਮੰਗ ਸ਼ੁਰੂ ਕਰ ਦਿਤੀ ਤੇ ਜਾਨੋਂ ਮਾਰ ਕੇ ਖੋਹ ਲੈ ਜਾਣ ਦੀਆਂ ਧਮਕੀਆਂ ਦੇ ਭੇਜੀਆਂ ਤਾਂ ਗੁਰੂ ਸਾਹਿਬ ਲੁਕ ਛਿਪ ਕੇ ਦਿਨ ਕਟਦੇ ਅਰ ਬਹੁਤਾ ਬਾਹਰ ਨ ਨਿਕਲਦੇ ਫੇਰ ਵੀ ਆਖਰੀ ਛੇਕੜ ਨੂੰ ਧੀਰਮਲ ਦਾ ਇਕ ਭੈੜਾ ਸ਼ੀਹਾਂ ਮਸੰਦ ਜੋ ਕਰਤਾਰਪੁਰ ਦੀ ਗੱਦੀ ਦਾ ਵੱਡਾ ਥੰਮ ਸੀ ਓਸ ਨੇ ਕੁਛ ਭੈੜੇ ਬੰਦਿਆਂ ਦੀ ਭੀੜ ਲੈ ਕੇ ਬਾਬੇ ਬਕਾਲੇ ਤੇ ਚੜ੍ਹ ਆਇਆ ਤੇ ਗੁਰੂ ਸਾਹਿਬ ਜੀ ਤੇ ਬੰਦੂਕ ਦਾ ਵਾਰ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪਾਲਕੀ ਸਮੇਤ ਖੋਹ ਕੇ ਲੈ ਗਿਆ ਤੇ ਗੁਰੂ ਸਾਹਿਬ ਨੂੰ ਖਬੇ ਮੋਢੇ ਪੁਰ ਗੋਲੀ ਦਾ ਜ਼ਖਮ ਲਗਾ ਪਰ ਜ਼ਖਮ ਡੂੰਘਾ ਨਹੀਂ ਸੀ ਬਚਾਅ ਹੋ ਗਿਆ ਗੁਰੂ ਜੀ ਤਾਂ ਸੀਲ ਸਹਿਨ ਹੈ ਸਨ ਸਹਿ ਗੁਜ਼ਰੇ ਹੋਰ ਵੀ ਘਰ ਵਿਚ ਲੁਕ ਕੇ ਅੰਦਰਿ ਰਹਿਨ ਲਗੇ ਤੇ ਘਟ ਹੀ ਕਿਸੇ ਨੂੰ ਮਿਲਦੇ ਹੋਰ ਕਰ ਵੀ ਕੀ ਸਕਦੇ ਸਨ ਗੁਰੂ ਜੀ ਦੀ ਸਿਖੀ ਸੇਵਕੀ ਮਾਝੇ ਦੁਆਬੇ ਵਿਚ ਤਾਂ ਹੈ ਹੀ ਨਹੀਂ ਸੀ। ਫੇਰ ਅੰਮ੍ਰਿਤਸਰ ਵੀ ਜਾ ਕੇ ਦੇਖ ਆਇ ਸਨ ਜਿਥੇ ਕਿ ਸਮੇਂ ਦੇ ਆਗੂਆਂ ਨੇ ਦਰਬਾਰ ਸਾਹਿਬ ਜੀ ਦੇ ਅੰਦਰ ਤਕ ਨਹੀਂ ਜਾਣ ਦਿਤਾ ਤਾਂ ਸਤਿਗੁਰੂ ਜੀ ਬਾਹਰ ਬੈਠਕੇ ਬਚਨ ਕੀਤਾ ਅੰਮ੍ਰਿਤਸਰੀਏ ਅੰਦਰਿ ਸੜੀਏ ਕਹਿ ਕੇ ਓਥੋਂ ਉਠਕੇ ਬਾਬੇ ਬਕਾਲੇ ਫੇਰ ਆ ਗਏ ਹਾਲੀ ਬੰਦੂਕ ਦਾ ਜ਼ਖਮ ਅਲਾ ਹੀ ਸੀ ਕਿ ਅਗਲੀ ਵਿਸਾਖੀ ਸੰਮਤ ੧੭੨੨ ਦਾ ਤਿਓਹਾਰ ਦਾ ਮੇਲਾ ਆ ਗਿਆ ਤੇ ਬਾਹਰਲੀਆਂ ਸੰਗਤਾਂ ਚਲਕੇ ਦੂਰੋਂ ਦੂਰੋਂ ਆਈਆਂ ਸਨ ਉਹਨਾਂ ਵਿਚ ਹੀ ਦਿਲੀ ਦੇ ਕੁਝ ਧਨਾਡ ਖਤ੍ਰੀ ਵੀ ਸਨ ਜੋ ਦਿਲੀ ਦੀ ਸਿਖੀ ਦੀ ਜਿੰਦ ਜਾਨ ਸਨ ਤੇ ਜਿਨ੍ਹਾਂ ਨੇ ਸ੍ਰੀ ਗੁਰੂ ਹਰਿ ਕ੍ਰਿਸ਼ਨ ਜੀ ਦਾ ਵਸੀਅਤਨਾਮਾ ਆਪਣੀ ਕੰਨੀ ਸੁਣਿਆ ਹੈ ਸੀ ਕਿ 'ਬਾਬਾ ਬਕਾਲੇ' ਹੈ ਏਸੇ ਬਚਨ ਨੂੰ ਮੁਖ ਰਖ ਕੇ ਚੋਖੀ ਖੋਜ ਭਾਲ ਕਰਕੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਦਰਸ਼ਨ ਕੀਤੇ ਬਾਬੇ ਬਕਾਲੇ ਆ ਕਰਕੇ ਤਾਂ ਦਿਲੀ ਦੀ ਸੰਗਤ ਨੂੰ ਗੁਰੂ ਸਾਹਿਬ ਜੀ ਨੇ ਆਪਣੇ ਮੋਢੇ ਦਾ ਜ਼ਖਮ ਵਿਖਾਇਆ ਤੇ ਗੁਰੂ ਬਨਣ ਦੇ ਦਿਨ ਤੋਂ ਜੋ ਪਿਛਲੇ ਗੁਜ਼ਰੇ

ਸਾਲ ਅੰਦਰ ਹਾਲ ਸਿਰ ਤੇ ਬੀਤਿਆ ਸਭ ਕਹਿ ਸੁਣਾਇਆ ਅਤੇ ਸਾਰੀਆਂ ਸੰਗਤਾਂ ਬਾਹਰ ਦੀਆਂ ਸਨ ਗੁਰੂ ਜੀ ਦੀ ਮਦਦ ਕੀਹ ਕਰ ਸਕਦੀਆਂ ਸਨ ਪਰ ਦਿਲੀ ਦੀ ਸੰਗਤ ਦੇ ਖਤ੍ਰੀਆਂ ਸਿਖਾਂ ਤੇ ਮੁਖੀਆਂ ਸਿਖਾਂ ਸਾਰਿਆਂ ਨੇ ਗੁਰੂ ਜੀ ਨੂੰ ਇਹ ਸਲਾਹ ਦਿਤੀ ਕਿ ਆਪ ਜੀ ਏਸ ਕਲੱਹ ਕਲੇਸ਼ ਵਿਚੋਂ ਨਿਕਲੋ ਤੇ ਦੱਖਣ ਪੂਰਬ ਦੀਆਂ ਸੰਗਤਾਂ ਨੂੰ ਦਰਸ਼ਨ ਦਿਉ ਤੇ ਤਾਰੋ ਤਾਂ ਇਹ ਸਲਾਹ ਗੁਰੂ ਜੀ ਨੂੰ ਆਪਣੇ ਸੁਭਾਉ ਤੇ ਖਿਆਲ ਦੇ ਅਨੁਸਾਰ ਸਮਝ ਕੇ ਪਸੰਦ ਆਈ ਅਤੇ ਦਿਲ ਵਿਚ ਦੇਸ ਛਡ ਪਰਦੇਸ ਚਲੇ ਜਾਣ ਦਾ ਪਕਾ ਇਰਾਦਾ ਕਰ ਲਿਆ ਤੇ ਸੰਗਤਾਂ ਦੇ ਵਿਦਾ ਹੋਣ ਦੇ ਬਾਦ ਥੋੜ੍ਹੇ ਦਿਨਾਂ ਪਿਛੋਂ ਹੀ ਡੇਰੇ ਦੀ ਸੰਭਾਲਨਾ ਕਰਕੇ ਬਾਬਾ ਬਕਾਲਾ ਛਡ ਕੇ ਟੁਰ ਪਏ ਤੇ ਕਰਤਾਰ ਪੁਰ ਰਸਤੇ ਵਿਚ ਅਉਂਦਾ ਸੀ ਫਗਵਾੜੇ ਤੇ ਗੜਸ਼ੰਕਰ ਹੁੰਦੇ ਹੋਏ ਕੀਰਤਪੁਰ ਜਾ ਰਹੇ ਸਨ। ਗੁਰੂ ਸਾਹਿਬ ਦੇ ਕਾਫਲੇ ਵਿਚ ਸੰਗ ਮਾਈਆ ਦਾ ਸੀ ਤੇ ਨਾਲ ਨਾਲ ਗੁਰੂ ਜੀ ਦਾ ਸਾਲਾ ਕ੍ਰਿਪਾਲ ਚੰਦ ਤੇ ਹੋਰ ਬਹੁਤ ਸਾਰੇ ਅਨਨਜ ਸਿਖ ਨਾਲ ਸਨ ਜਦ ਗੁਰੂ ਜੀ ਕਰਤਾਰ ਪੁਰ ਦੇ ਕੋਲੋਂ ਲੰਘੇ ਤਾਂ ਧੀਰ ਮਲ ਤੇ ਉਸ ਦੇ ਸਾਥੀ ਇਹ ਵੇਖ ਕੇ ਖੁਸ਼ੀ ਹੋ ਰਹੇ ਸਨ ਕਿ ਚਾਚਾ ਹੁਣ ਦੇਸ ਨਿਕਾਲਾ ਕਰ ਚਲਿਆ ਹੈ ਜਦ ਤਾਹਨੇ ਮੇਹਣੇ ਦੇ ਲਫਜ਼ ਸਿਖਾਂ ਦੀ ਕੰਨੀ ਅਪੜੇ ਤਦ ਕ੍ਰਿਪਾਲ ਚੰਦ ਦੇ ਲਹੂ ਨੇ ਜੋਸ਼ ਖਾਧਾ ਅਤੇ ਜੈਸੇ ਕੋ ਤੈਸਾ ਹੋ ਕੇ ਮਿਲਣ ਦੇ ਖਿਆਲ ਨਾਲਿ ਕੁਝ ਆਪਣੇ ਨਾਲ ਸਾਥੀ ਲੈ ਕੇ ਜਥੇ ਨਾਲੋਂ ਪਛੜ ਗਿਆ ਅਤੇ ਮੌਕਿਆ ਦੇਖ ਕੇ ਅਚਨਚੇਤ ਕਰਤਾਰ ਪੁਰ ਦੀ ਧਰਮਸਾਲਾ ਵਿਚ ਵੜ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਆਦਿ ਬੀੜ ਲੁਟ ਕੇ ਗੁਰੂ ਜੀ ਦੇ ਪਿਛੇ ਦੌੜੇ। ਇਚਰਾਂ ਨੂੰ ਗੁਰੂ ਸਾਹਿਬ ਜੀ ਕਬੀਲੇ ਤੇ ਹੋਰ ਸਾਥੀਆਂ ਸਮੇਤ ਦੂਰ ਅਗੇ ਨਿਕਲ ਗਏ ਸਨ। ਕ੍ਰਿਪਾਲ ਚੰਦ ਜੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਲਈ ਨਾਲ ਜਾ ਮਿਲੇ ਜਦੋਂ ਗੁਰੂ ਸਾਹਿਬ ਜੀ ਨੇ ਇਕ ਸਿਖ ਨੂੰ ਸਿਰ ਪਰ ਗ੍ਰੰਥ ਸਾਹਿਬ ਜੀ ਚੁਕੀ ਅਉਂਦਾ ਡਿਠਾ ਤਦ ਹੈਰਾਨ ਹੋ ਕੇ ਸਿਖਾਂ ਨੂੰ ਨਰਾਜ਼ਗੀ ਨਾਲ ਕਹਿਆ ਸ੍ਰੀ ਗੁਰੂ ਗ੍ਰੰਥ ਸਾਹਿਬ ਮੋੜ ਆਵੋ ਤਾਂ ਕੋਈ ਸਿਖ ਵਾਪਸ ਦੇਣ ਨੂੰ ਨਾ ਜਾਏ ਤਾਂ ਮਾਤਾ ਨਾਨਕੀ ਜੀ ਨੇ ਭੀ ਗੁਰੂ ਜੀ ਨੂੰ ਸਖਤ ਕਿਹਾ ਤੇ ਸੁਸਤ ਆਖਿਆ ਕਿ ਅਸੀਂ ਕਿਉਂ ਆਪਣਾ ਗੁਰੂ ਗ੍ਰੰਥ ਸਾਹਿਬ ਵੈਰੀਆਂ ਨੂੰ ਦੇਈਏ। ਸੂਰਜ ਪ੍ਰਤਾਪ ਵਿਚ ਲਿਖਿਆ ਹੈ :—

ਇਤਨੇ ਮਹਿ ਸਿਖ ਸੋ ਚਲਿ ਆਯੋ ॥ ਗੁਰੂ ਗ੍ਰੰਥ ਜਿਨ ਸੀਸ ਉਠਾਇਯੋ ॥
ਤੇਗ ਬਹਾਦਰ ਗੁਰੂ ਬਖਾਨਿਯੋ ॥ ਕੌਨ ਗ੍ਰੰਥ ਸਾਹਿਬ ਇਹ ਆਨਿਯੋ ॥
ਤਬ ਕ੍ਰਿਪਾਲ ਚੰਦ ਗੁਜਰੀ ਕੋ ਭ੍ਰਾਤਾ ॥ ਸਰਬ ਸੁਨਾਇ ਭਨਯੋ ਸੁ ਬ੍ਰਿਤਾਂਤਾ ॥
ਹੁਤੋ ਗੰਭੀਰ ਬੇਗਜਿਹ ਪਾਨੀ ॥ ਭਲੇ ਰਾਖਾਜਹੁ ਮਧ ਤਿਹ ਪਾਨੀ ॥
ਜਲ ਗੰਭੀਰ ਮਹਿ ਜਬਹੀ ਟਿਕਾਇ ॥ ਸਗਲ ਬਿਲੋਕਤ ਬਹੁ ਬਿਸਮਾਇ ॥੧੧॥ਰਾਸ॥੪ਅੰਸੂ॥ +

ਏਸ ਤਰ੍ਹਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਆਦਿ ਬੀੜ ਸਦਾ ਲਈ ਅਲੋਪ ਹੋ ਗਈ ਸਮਝੋ ਸੰਮਤ ੧੭੨੨ ਵਿਚ ਸਹੀ ਗਲ ਤਾਂ ਇਹੋ ਹੈ ਜਦ ਧੀਰਮਲ ਨੇ ਹਾਕਮਾਂ ਪਾਸ ਜਾ ਕੇ ਜਲੰਧਰ ਰਪੋਟ ਕੀਤੀ ਕਿ ਮੇਰੇ ਚਾਚੇ ਤੇਗ ਬਹਾਦਰ ਨੇ ਕਰਤਾਰਪੁਰ ਸਾਡੇ ਘਰ ਆ ਕੇ ਡਾਕਾ ਮਾਰਿਆ ਅਤੇ

ਸਾਡੇ ਆਦਮੀਆਂ ਨੂੰ ਮਾਰ ਕੁਟ ਕੇ ਸਾਡਾ ਸ੍ਰੀ ਗੁਰੂ ਗ੍ਰੰਥ ਸਾਹਿਬ ਤੇ ਹੋਰ ਮਾਲ ਮਤਾਅ ਲੁਟ ਕੇ ਲੈ ਗਏ ਹਨ। ਜਦੋਂ ਕਿ ਇਹ ਵਾਰਤਾ ਕੀਤੀ ਧੀਰਮਲ ਨੇ ਜਾਂ ਉਸ ਦੇ ਆਦਮੀਆਂ ਨੇ ਸਰਕਾਰੀ ਮਦਦ ਲੈ ਕੇ ਪਿਛਾ ਕਰ ਕੇ ਸਤਲੁਜ ਦਰਿਆ ਤਕ ਅਪੜੇ ਉਤਨਾਂ ਚਿਰ ਤਕ ਤਾਂ ਗੁਰੂ ਸਾਹਿਬ ਜੀ ਦਰਿਆ ਲੰਘ ਕੇ ਹਦ ਪਾਰ ਕਰ ਬਿਲਾਸ ਪੁਰ ਦੇ ਰਾਜ ਵਿਚ ਕੀਰਤਪੁਰ ਜਾ ਪਹੁੰਚ ਚੁਕੇ ਸਨ ਅਤੇ ਝਗੜੇ ਦੀ ਬੁਨਿਆਦ ਗ੍ਰੰਥ ਸਾਹਿਬ ਨੂੰ ਜਲ ਪ੍ਰਵਾਹ ਦਰਿਆ ਵਿਚ ਕਰ ਚੁਕੇ ਸਨ ਤੇ ਦੇਸ ਨਿਕਾਲਾ ਤਾਂ ਗੁਰੂ ਸਾਹਿਬ ਜੀ ਆਪ ਹੀ ਲੈ ਆਏ ਸਨ "ਜੋ ਉਸ ਵੇਲੇ ਹੋਰ ਪਿਛਾ ਕਰਨਾ ਫਜ਼ੂਲ ਜਾਣਕੇ ਜੋ ਧਾੜ ਚੜਕੇ ਪਿਛੇ ਆਈ ਸੀ ਸੋ ਪਿਛੇ ਮੁੜ ਗਈ" ਅਗੇ ਵਾਸਤੇ ਕਾਰਨ ਬਣ ਗਿਆ ਕਿ ਗੁਰੂ ਸਾਹਿਬ ਜੀ ਅੰਤ ਤਕ ਸਰਕਾਰੀ ਢੱਕ ਬਣੇ ਰਹੇ ਤੇ ਅੰਤ ਨੂੰ ਸ਼ਹੀਦ ਕੀਤੇ ਗਇ ਸਨ ।

ਸ੍ਰੀ ਗੁਰੂ ਤੇਗ ਬਹਾਦਰ ਜੀ ਜਦ ਦਿਲੀ ਨੂੰ ਗਏ ਸਨ ਉਸ ਵਖਤ ਦਾ ਸਮਾਂ ਹੈ ।

ਦੋਹਰਾ ॥

ਜੇਠਾ ਮਨੀਆ ਆਦਿ ਸਿਖ ਰਹੇ ਦਸਮ ਗੁਰ ਪਾਸ ॥
ਦਿਆਲਾ ਉਦਾ ਗੈਲਗੁਰ ਗਏ ਖਸਟ ਸਿਖ ਖਾਸ ॥

ਸ਼ਹੀਦ ਬਿਲਾਸ ਭਾਈ ਮਨੀ ਸਿੰਘ ਵਿਚੋਂ ਹੈ। ਪੁਰਾਤਨ ਲਿਖਤੀ ਬੀੜਾਂ ਉਪਰ ਇਹ ਲਿਖਿਆ ਹੈ ਕਿ ਜਿਵੇਂ ਪੋਥੀਆਂ ਲਿਖ ਪਹੁਚੇ ਆਦਿ ਤੇ ਇਹ ਪੋਥੀਆ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਵਾਸਤੇ ਵਰਤਿਆ ਜਾਂਦਾ ਰਹਿਆ ਹੈ। ਪੋਥੀਆਂ ਲਿਖਣ ਦੀ ਥਾਂ ਅਸਲੀ ਸ੍ਰੀ ਅਨੰਦਪੁਰ ਸਾਹਿਬ ਦਮਦਮਾ ਸਾਹਿਬ ਹੈ ਜਿਸ ਨੂੰ ਆਦਿ ਸਿੰਘਾਸਨ ਵੀ ਕਹਿਆ ਜਾਂਦਾ ਸੀ ਜਿਵੇਂ ਕੁਇਰ ਸਿੰਘ ਗੁਰਬਿਲਾਸ ਪਾ: ੧੦।

ਸਤ੍ਰਹਿਸੈ ਸਿਵ ਨੈਨ ਭਨ ਪੁਨ ਅਗੁਨੀ ਪ੍ਰਮਾਨ ॥
ਆਦਿ ਸਿੰਘਾਸਨ ਦਮਦਮਾ ਰਾਜਧਰਾ ਗੁਰਜਾਨ ॥

ਅਗੇ ਭਾਈ ਸੁਖਾ ਸਿੰਘ ਦੇ ਗੁਰਬਿਲਾਸ ਪਾ: ।੧੦ ਅਧਿਆਇ ੪ ਵਿਚ ਇਸ ਕਥਨ ਨੂੰ ਇੰਜ ਦੁਹਰਾਂਦੇ ਹਨ ਜੋ ਆਦਿ ਸਿੰਘਾਸਨ ਦਮਦਮਾ ਜਾਨਤ ਸਕਲ ਜਹਾਨ । ਜੋ ਇਹ ਕਾਰ ਸੁਪੂਜ ਹੈ ਪੈਹੈ ਪਰਮ ਨਿਧਾਨ ।੨੨੧। ਭਾਈ ਮਨੀ ਸਿੰਘ ਦੀ ਸਾਹਿਤ ਸੇਵਾ ੧੭੩੬ ਬਿ: ਤੋਂ ਸ਼ੁਰੂ ਹੁੰਦੀ ਹੈ ਜਦੋਂ ਇਨ੍ਹਾਂ ਦੀ ਆਯੂ ਕੇਵਲ ੩੫ ਸਾਲਾ ਦੀ ਹੈਸੀ। ਜਿਵੇਂ ਕਿ ਲਿਖਿਆ ਹੈ। ਦੋਹਰਾ। ਸਹੀਦ ਬਿਲਾਸ। ਆਯੂ ਪੈਂਤੀ ਬਰਖਕੀ ਮਨੀ ਸਿੰਘ ਕੀ ਆਹਿ ।

ਲਿਖੇ ਲਿਖਾਏ ਪੋਥੀਆ ਮਨ ਮਹਿ ਬਹੁ ਉਤਸਾਹਿ ॥ ਸਹੀਦ ਬਿਲਾਸ ਭਾਈ ਮਨੀ ਸਿੰਘ ਕਰਤਾ ਸੇਵਾ ਸਿੰਘ ਪੁਰਾਣੀਆਂ ਲਿਖਤਾਂ ਅਨੁਸਾਰ ਭਾਈ ਮਨੀ ਸਿੰਘ ਜੀ ਦੀ। ਆਪਣੀ ਤੇ ਆਪਣੇ ਰਾਹੀ ਕਰਾਈ ਸਾਹਿਤਕ ਸੇਵਾ ਦੀ ਵੰਡ ਅਸੀਂ ਇਸ ਤਰਾਂ ਕਰ ਸਕਦੇ ਹਾਂ ਕਿ ਜੋ ਭਾਈ ਮਨੀ ਸਿੰਘ ਜੀ ਨੇ ਸ੍ਰੀ ਅਨੰਦਪੁਰਸਾਹਿਬ ਦੇ ਦਮਦਮੇ ਸਾਹਿਬ ਜੀ ਉਪਰ ਗੁਰੂ ਦਸਮੇਸ ਜੀ

ਦੇ ਸਮੇਂ ਪੋਥੀਆਂ ਦੀ ਲਿਖਾਈ ਜੋ ਆਦਿਸ੍ਰੀਗੁਰੂ ਗ੍ਰੰਥ ਸਾਹਿਬ ਤੇ ਹੋਰ ਸਾਖੀਆਂ ਦੀ ਰਚਨਾ ਫੁਟਕਲ ਕੀਤੀ ਹੈ। ਪੁਰਾਣੀਆਂ ਲਿਖਤਾਂ ਅਨੁਸਾਰ ਸੰਮਤ ੧੭੩੫ ਬਿਕ੍ਰਮੀ ਦੀ ਵੈਸਾਖੀ ਨੂੰ ਆਦਿ ਸਿੰਘਾਸਨ ਅਸਥਾਨ ਰਾਜ ਸਾਜ ਧਾਰਨਾ ਕਰਨ ਤੋਂ ਢਾਈ ਸਾਲ ਬਾਦ ੧੭੩੫ ਬਿਕ੍ਰਮੀ ਤੋਂ ਉਪਰੰਤ ਗੁਰੂ ਦਸਮੇਸ ਜੀ ਨੇ ਕਰਤਾਰਪੁਰੀ ਸੋਢੀਆਂ ਪਾਸੋਂ ਸੰਮਤ ਵਾਲੀ ਬੀੜ ਗੁਰੂ ਅਰਜਨ ਸਾਹਿਬ ਜੀ ਨੇ ਰਚੀ ਸੀ ਓਸ ਬੀੜ ਦੇ ਦਰਸਨ ਕਰਨ ਤੇ ਉਤਾਰਾ ਓਸ ਤੋਂ ਇਕ ਕਰਾਉਣ ਲਈ ਮੰਗ ਭੇਜੀ ਸੀ ਜੋ ਓਨਾ ਨ ਦਿਤੀ ਉਨਾਂ, ਧੀਰ ਮਲੀਆਂ ਦੇ ਕੀਤੇ ਇਸ ਅੱੜਿਕੇ ਨੂੰ ਦੂਰ ਕਰਨ ਲਈ। ਸੋ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਗੁਰ ਗੱਦੀ ਤੇ ਵਿਰਾਜਮਾਨ ਹੁੰਦਿਆਂ ਆਪਣੀ ਤੱਵਜੁ ਪਹਿਲਾ ਗੁਰੂ ਗ੍ਰੰਥ ਸਾਹਿਬ ਦੇ ਨਵੇਂ ਓਤਾਰਿਆਂ ਵਲ ਦਿਤੀ ਜੋ ਸੰਮਤ ੧੭੩੫ ਬਿ: ਤੋਂ ਓਪਰੰਤ ਭਾਈ ਮਨੀ ਸਿੰਘ ਤੇ ਭਾਈ ਹਰਦਾਸ ਆਦਿ ਲਿਖਾਰੀਆਂ ਦੀ ਸੇਵਾ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਬੀੜਾਂ ਲਿਖਣ ਲਿਖਾਉਣ ਤੇ ਲਗਾਈ। ਜੋ ਧੀਰ ਮਲੀਆਂ ਦੇ ਇਨਕਾਰ ਤੋਂ ਪ੍ਰਭਾਵਿਤ ਹੋ ਕੇ ਬਾਕੀ ਇਨਾਂ ਬੀੜਾਂ ਵਿੱਚ ਖਾਸ਼ ਵਿਸ਼ੇਸ਼ਤਾ ਇਹ ਹੈ ਕਿ ਇਕ ਤਾਂ ਨਾਵੇਂ ਸਤਿਗੁਰਾਂ ਦੀ ਸਾਰੀ ਬਾਣੀ ਰਾਗਾਂ ਵਾਰ ਆਪਣੇ ਥਾਂ ਸਿਰ ਚੜੀ ਹੋਈ ਹੈ। ਦੂਸਰਾ ਇਹ ਕਿ ਗੁਰੂ ਤੇਗ ਬਹਾਦਰ ਜੀ ਦੇ ਸਲੋਕਾਂ ਵਿੱਚ ਖਾਸ ਜੁਆਬੀ ਦੋਹਰੇ ਤੇ ਮਹਲਾ ੧੦ ਲਿਖਿਆ ਹੋਇਆ ਹੈ ਅਤੇ ਪ੍ਰਵਾਨਗੀ ਵੱਜੋਂ ਇਨ੍ਹਾਂ ਸਾਰੀਆਂ ਬੀੜਾਂ ਤੇ ਸ੍ਰੀ ਦਸਮੇਸ਼ ਜੀ ਦੀ ਸਹੀ ਪਈ ਹੋਈ ਹੈ ਜੋ ਪਾਤਸ਼ਾਹ ੧੦ ਜੀ ਦੇ ਦਸਖਤ ਸਹੀ ਬੀੜ ਤੇ ਦੇਖੇ ਜਾਂਦੇ ਹਨ। ਐਸ ਵਖਤ ਦੂਜਾ ਜੋ ਸ੍ਰੀ ਦਸਮ ਗ੍ਰੰਥ ਦਾ ਸੰਪਾਦਨ ਭਾਈ ਮਨੀ ਸਿੰਘ ਜੀ ਨੇ ਕੀਤਾ ਹੈ ਜੋ ਦਸਮ ਸਤਿਗੁਰ ਦੀ ਬਾਣੀ ਇਕੱਤ੍ਰ ਕਰਕੇ ਉਸ ਨੂੰ ਦਸਮ ਗੁਰੂ ਗ੍ਰੰਥ ਦੇ ਰੂਪ ਵਿੱਚ ਪੁਨਰ ਜਨਮ ਦਿਵਾਣ ਵਾਲਾ ਭਾਈ ਮਨੀ ਸਿੰਘ ਹੀ ਹੈ। ਇਸ ਗੱਲ ਦਾ ਪਤਾ ਸਾਨੂੰ ਉਨ੍ਹਾਂ ਦੀ ਪੱਤ੍ਰਕਾ ਤੋਂ ਲਗਦਾ ਹੈ ਜੋ ਭਾਈ ਮਨੀ ਸਿੰਘ ਜੀ ਨੇ ੨੨ ਵੈਸਾਖ ਸੰਮਤ ੧੭੬੯ ਬਿਕ੍ਰਮੀ ਨੂੰ ਅੰਮ੍ਰਿਤਸਰ ਤੋਂ ਦਿਲੀ ਪੂਜਮਾਤਾ ਸੁੰਦਰੀ ਜੀ ਦੀ ਸੇਵਾ ਵਿੱਚ ਭੇਜੀ ਸੀ। ਅਗੇ ਦਰਜ ਕੀਤੀ ਹੋਈ ਹੈ। ਪੜ੍ਹੋ।

ੴ ਅਕਾਲ ਜੀ ਸਹਾਇ ॥

ਪੂਜ ਮਾਤਾ ਜੀ ਦੇ ਚਰਨਾਂ ਪਰ ਮਨੀ ਸਿੰਘ ਕੀ ਡੰਡੋਤ ਬੰਦਨਾ। ਬਹੁਰੋ ਸਮਾਚਾਰ ਵਾਚਨਾ ਕਿ ਇਧਰ ਆਵਨ ਪਰ ਸਾਡਾ ਸਰੀਰੁ ਵਾਯੂ ਕਾ ਅਧਿਕ ਵਿਕਾਰੀ ਹੋਇ ਗਇਆ ਹੈ। ਸੁਅਸਤ ਨਾਹੀ ਤਿਹਿਆ ਤਾਪ ਕੀ ਕਥਾ ਦੋ ਵਾਰ ਸੁਨੀ। ਪਰ ਮੰਦਿਰ ਕੀ ਸੇਵਾ ਮੇਂ ਕੋਈ ਆਲਕੁ ਨਾਹੀ। ਦੇਸ ਵਿੱਚ ਖਾਲਸੇ ਦਾ ਬਲੁ ਛੁਟਿ ਗਇਆ ਹੈ। ਸਿੰਘ ਪਰਬਤਾਂ ਬਬਾਨਾਂ ਵਿੱਚ ਜਾਇ ਬਸੇ ਹਨ। ਮਲੇਛੋ ਕੀ ਦੇਸੁ ਮੇ ਦੋਹੀ ਹੈ। ਬਸਤੀ ਮੇਂ ਬਾਲਕ ਜਵਾਂ ਇਸਤਰੀ ਸਲਾਮਤੁ ਨਾਹੀ। ਮੁਛ ਮੁਛ ਕਰਿ ਮਾਰਦੇ ਹੈਨ। ਗੁਰੂ ਦਰੋਹੀ ਬੀ ਉਨ੍ਹਾਂ ਦੇ ਸੰਗੁ ਮਿਲਿ ਗਏ ਹੈਨ। ਹੰਦਾਲੀਏ ਮਿਲਿ ਕਰਿ ਮੁਕਬਰੀ ਕਰਦੇ ਹੈਨ। ਬਾਕੀ ਚੱਕੁ ਛੋਡ ਗਏ ਹੈਨ। ਮੁਤਸਦੀ ਭਾਗ ਗਏ ਹੈਨ। ਸਾਡੇ ਪਰ ਅਬੀ ਤੋ ਅਕਾਲ ਕੀ ਰਛਾ ਹੈ। ਕੱਲ ਕੀ ਖਬਰ ਨਾਹੀ। ਸਾਹਿਬਾਂ ਕੇ ਹੁਕਮ ਅਟਲ ਹੈਨ। ਬਿਨੋਦ ਸਿੰਘ ਦੇ ਪੁਤਰੇਲੇ ਦਾ ਹੁਕਮ ਸਤ ਹੋਇ ਗਇਆ ਹੈ। ਪੋਥੀਆਂ ਜੋ ਝੰਡਾ ਸਿੰਘ ਹਾਥਿ ਭੇਜੀ ਥੀ। ਉਨ੍ਹਾਂ ਵਿਚ ਸਾਹਿਬਾਂ ਦੇ ੩੦੩ ਚਰਿਤਰ,

ਉਪਖਿਆਨ, ਦੀ ਪੋਥੀ ਜੋ ਹੈ ਸੋ ਸੀਹਾ ਸਿੰਘ ਨੂੰ ਮਹਲਾ ਵਿਚ ਦੇਨਾ ਜੀ। ਨਾਮ ਮਾਲਾ ਕੀ ਪੋਥੀ ਦੀ ਖਬਰੁ ਅਬੀ ਮਿਲੀ ਨਾਹੀ । ਕਰਿਸ਼ਨਾਵਤਾਰ, ਪੂਰ ਬਾਰਧ ੨ ਤੋ ਮਿਲਾ। ਉਤਰਾਰਧ ਨਾਹੀ। ਜੋ ਮਿਲਾ ਅਸੀਂ ਭੇਜ ਦੇਵਾਂਗੇ । ਦੇਸ ਵਿਚ ਗੰਗਾ ਹੈ ਕਿ ਬੰਦਾ ਬੰਧਨ ਮੁਕਤਿ ਹੋਇ ਭਾਗ ਗਇਆ ਹੈ। ਸਾਹਿਬ ਬਾਹੁੜੀ ਕਰਨਗੇ। ਤੋਲਾ ੫ ਸੋਨਾ ਸਾਹਿਬਜ਼ਾਦੇ ਕੀ ਘਰਨੀਂ ਕੇ ਆਭੂਖਨ ਲਈ ਗੁਰੂ ਕਿਆਂ ਖੰਡੂਰ ਸੇ ਭੇਜਾ ਹੈ। ੧੭ ਰਜਤਪਨ ਬੀ ਝੰਡਾ ਸਿੰਘ ਸੇ ਭਰ ਪਾਨੇ। ਪੰਜ ਰਜਤਪਨ ਇਸੇ ਤੋਸਾ ਦੀਆ। ਇਸ ਨੂੰ ਬਦਰਕਾਬੀ ਹੈ। ਇਸ ਸੇ ਉਠਿ ਜਾਵੈਂਗੇ। ਮੁਸਤਦੀਓ ਨੇ ਹਿਸਾਬ ਨਾਹੀ ਦੀਆ।

ਜੋ ਦੇਂਦੇ ਤਾਂ ਬੜੇ ਸ਼ਹਿਰ ਸੇ ਹੁੰਡੀ ਕਰਾਇ ਭੇਜਦੇ। ਅਸਾਡੇ ਸਰੀਰੁ ਦੀ ਰਛਿਆ ਰਹੀ ਤਾਂ ਕੁਆਰ ੪ ਦੇ ਮਹੀਨੇ ਆਵਾਂਗੇ। ਮਿਤੀ ਵੈਸਾਖ ੨੨ ਦਸਖਾਤ ਮਨੀ ਸਿੰਘ ਗੁਰੂ ਚੱਕ ਬੁੰਗਾ ਜੁਆਖਪੋਰੀ ਮੇ । ਸੰਮਤ ੧੭੭੫ ਮਿਤੀ ੨੨ ਵੈਸਾਖ ਨੂੰ ਚਿਠੀ ਪਾਈ ਹੈ। ਜੋ ਉਨ੍ਹਾਂ ਨੇ ਪੋਥੀਆ ਝੰਡਾ ਸਿੰਘ ਹਥ ਭੇਜੀਆਂ ਤੇ ਸੰਮਤ ੧੭੬੮ ਬਿ: ਦੇ ਅਸੂ ਮਹੀਨੇ ਵਿਚ ਆਪ ਨੇ ਦਿਲੀ ਪੁਜਣ ਦਾ ਇਕਰਾਰ ਕੀਤਾ ਸੀ।

ਇਸ ਤੋਂ ਇਹ ਸਪਸ਼ਟ ਹੋ ਜਾਂਦਾ ਹੈ ਕਿ ਇਹ ਕਾਰਜ ਬੀੜ ਦੇ ਲਿਖਣ ਦਾ ਭਾਈ ਮਨੀ ਸਿੰਘ ਦੀ ਆਗਿਆ ਨਾਲ ਭਾਈ ਸ਼ੀਹਾ ਸਿੰਘ ਨੇ ਦਿਲੀ ਵਿਚ ਲਿਖਣੀ ਸ਼ੁਰੂ ਕੀਤੀ ਸੀ ਤੇ ਇਸ ਦੀ ਸਮਾਪਤੀ ਅਗਲੇ ਸਾਲ ਸੰਮਤ ੧੭੬੯ ਬਿ: ਨੂੰ ਹੋਈ ਇਹ ਬੀੜ ਅਫਗਾਨਸਤਾਨ ਦੇ ਪ੍ਰਸਿੱਧ ਕਾਬਲ ਸ਼ਹਿਰ ਵਿਚ ਗੁਰਦੁਆਰਾ ਭਾਈ ਗੁਰਦਾਸ ਵਿਖੇ ਸੁਰਖਿਅਤ ਹੈ ਇਸ ਦੇ ਕੁਲ ਪਤਰੇ ੫੭੮ ਹਨ ਤੇ ੫੬੭ ਤੋਂ ਜੰਗਨਾਮਾ ਪਾਤਸ਼ਾਹੀ ੧੦। ਕਮਾਲੇ ਕਰਾਮਾਤ ਤੋਂ ਸ਼ੁਰੂ ਹੁੰਦਾ ਹੈ। ਇਸ ਬੀੜ ਦੇ ਦਰਸ਼ਨ ਸ: ਗੰਡਾ ਸਿੰਘ ਜੀ ਨੇ ਕਾਬਲ ਵਿਚ ਖਾਸ ਕਰਕੇ ਕੀਤੇ ਹਨ। ਜੋ ਸਫਰਨਾਮਾ ਏਨਾ ਦਾ ਦੇਖੋ ਅਫਗਾਨੀ ਸਫਰਨਾਮਾ ਕ੍ਰਿਤ ਗੰਡਾ ਸਿੰਘ ਪਟਿਆਲਾ ਇਤਿਹਾਸਕ ਪਤ੍ਰ ੧੯੫੨, ੧੯੫੩ ਈ: ਪੰਨਾ ੫੧ ਦੇਖੋ। ਅਗੇ ਆਦਿ ਦਸਮ ਗ੍ਰੰਥ ਦਾ ਪੁਨਰ ਸੰਪਾਦਨ । ਭਾਈ ਮਨੀ ਸਿੰਘ ਦਾ ਆਦਿ ਦਸਮ ਗ੍ਰੰਥ ਨੂੰ ਪੁਨਰ ਸੰਪਾਦਨ ਕਰਨਾ ਓਨਾਂ ਦੀ ਆਪਣੀ ਜ਼ਿੰਦਗੀ ਦੀ ਆਖੀਰੀ ਸਾਹਿਤ ਸੇਵਾ ਹੈ ਜੋ ਕਿ ਇਹ ਕਾਰਜ ਬੀੜ ਦੇ ਲਿਖਣ ਦਾ ਮਾਘ ੧੭੬੮ ਬਿ: ਦੇ ਉਪਰੰਤ ਸ਼ੁਰੂ ਹੋਇਆ ਤੇ ਇਸ ਦੀ ਸਮਾਪਤੀ ਇਸ ਉਪਰ ਲਿਖੇ ਸੰਮਤ ਅਨੁਸਾਰ ੧੭੭੦ ਬਿ: ਵਿਚ ਹੋਈ । ਉਸ ਵੇਲੇ ਭਾਈ ਮਨੀ ਸਿੰਘ ਦੀ ਉਮਰ ੬੯, ਸਾਲਾ ਦੀ ਸੀ ਇਹ ਬੀੜ ਗੁਰੂ ਗ੍ਰੰਥ ਸਾਹਿਬ ਆਦਿ ਤੇ ਦਸਮ ਦੀ ਬਾਣੀ ਜਿਸ ਵਿਚ ਇਕਠੀ ਹੈ ਪਹਿਲ ਪ੍ਰਥਮੇ ਭਾਈ ਮਗਨ ਸਿੰਘ ਗ੍ਰੰਥੀ ਤਖਤ ਸ੍ਰੀ ਹਜ਼ੂਰ ਸਾਹਿਬ ਪਾਸ ਸੀ। ਓਨਾ ਪਾਸੋਂ ਰਾਜਾ ਗੁਲਾਬ ਸਿੰਘ ਸੇਠੀ ਲਾਹੌਰ ਵਾਲੇ ਹੁਣ ਦਿਲੀ ਲੈ ਆਇ ਹਨ।

ਭਾਈ ਮਨੀ ਸਿੰਘ ਜੀ ਦਾ ਆਦਿ ਦਮਦਮੇ ਸ੍ਰੀ ਅਨੰਦਪੁਰ ਸਾਹਿਬ ਰਹਿਣ ਦਾ ਸਮਾਂ ਅਗੇ ਦਰਜ ਕੀਤਾ ਹੈ।

ਕਬਿੱਤ।

ਸੇਵਾਸੀ ਕਰੰਤ ਤੇ ਰਹੰਤ ਗੁਰਾ ਪਾਸ ਸਦਾ ॥ ਲਿਖ ਲਿਖ ਬਾਣੀ ਕਰੇ ਪੋਥੀਆ ਤਿਆਰ ਇਹ ॥
ਪੜ੍ਹਦਾ ਪੜ੍ਹਾਂਦਾ ਤੇ ਜਤਾਂਦਾ ਨਹੀਂ ਆਪ ਤਾਂਈ॥ ਮਨ ਨੀਵਾ ਮਤ ਉਚੀ ਇਹੁ ਦਿਲਧਾਰ ਇਹ ॥
ਹਠੀ ਤਪੀ ਪੂਰਾ ਸਿਖ ਸਿਦਕ ਦਾ ਪੁਤਲਾ ਸੀ ॥ ਸਾਖੀਆ ਸਿਦਕ ਦੀਆਂ ਕਰਦਾ ਉਚਾਰ ਇਹ ॥
ਸੇਵਾ ਹਰੀ ਇਵੇਂ ਕਿਵੇਂ ਬੀਤ ਗਏ ਬਰਖ ਕਈ॥ ਜੁਧ ਦੇ ਕਰਨ ਵਿਚ ਵਡਾ ਹੁਸ਼ਿਆਰ ਇਹ ॥

ਦੋਹਰਾ ॥ ਮਨੀ ਸਿੰਘ ਗੁਰ ਦਸਮ ਢਿਗ ਥੇ ਪੁਰੀ ਬੀਚ ਅਨੰਦ ॥
ਮਧ ਖਾਲਖੇ ਇਉਂ ਸੁਹੈ ਜਿਉਂ ਤਾਰਨ ਮੈ ਚੰਦ ॥
ਕਥਾ ਰੋਜ ਗ੍ਰੰਥ ਕੀ ਸੰਗਤ ਤਾਈ ਸੁਨਾਇ ॥
ਅਨੰਦ ਪੁਰੇ ਇਮਸਮਾ ਕੁਛ ਬੀਤ ਗਯੋਥੀ ਆਇ ॥

ਸ਼ਹੀਦ ਬਿਲਾਸ ॥

ਇਸ ਤੋਂ ਭਾਈ ਮਨੀ ਸਿੰਘ ਦੇ ਅਨੇਕ ਪੱਖੀ ਦਰਸ਼ਨ ਹੁੰਦੇ ਹਨ। ਜੋ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਕਥਾ ਨੂੰ ਭਾਈ ਮਨੀ ਸਿੰਘ ਨੇ ਸਿਖ ਧਰਮ ਦਾ ਇਕ ਜ਼ਰੂਰੀ ਅੰਗ ਸਮਝਦਿਆਂ ਇਸ ਨੂੰ ਜ਼ਿਆਦਾ ਅਪਣਾਇਆ ਪ੍ਰਤੀਤ ਹੁੰਦਾ ਹੈ। ਇਹ ਤਰੀਕਾ ਇਤਨਾ ਸਫਲ ਹੋਇਆ ਕਿ ਭਾਈ ਮਨੀ ਸਿੰਘ ਜੀ ਦੇ ਨਾਮ ਤੇ ਸ੍ਰੀਗੁਰੂ ਗ੍ਰੰਥ ਸਾਹਿਬ ਦੀ ਕਥਾ ਦੀ ਇਕ ਸੰਪ੍ਰਦਾਇ ਪ੍ਰਚਲਤ ਹੋ ਗਈ ਜਿਸਨੂੰ ਗਿਆਨੀ ਸੰਪ੍ਰਦਾਇ ਕਹਿੰਆ ਜਾਂਦਾ ਹੈ। ਸਿਖਾਂ ਦੀਆਂ ਅਨੇਕ ਪ੍ਰਨਾਲੀਆਂ ਭਾਈ ਮਨੀ ਸਿੰਘ ਜੀ ਰਾਹੀਂ ਗੁਰੂ ਗੋਬਿੰਦ ਸਿੰਘ ਜੀ ਤੱਕ ਪਹੁੰਚ ਜਾਂਦੀਆਂ ਹਨ। ਭਾਈ ਮਨੀ ਸਿੰਘ ਨੂੰ ਇਸੇ ਵਿਦਵੱਤਾ ਤੇ ਗਿਆਨ ਦਾ ਸਦਕਾ ਗੁਰੂ ਦਸਮ ਪਾਤਸ਼ਾਹ ਜੀ ਨੇ ਭਾਈ ਮਨੀ ਸਿੰਘ ਜੀ ਨੂੰ ਸੇਵਾ ਸਿੰਘ ਦੇ ਕਥਨ ਅਨੁਸਾਰ ॥ ਸਵੈਯਾ ॥

ਕੇਤੱਕ ਕਾਲ ਬਤੀਤ ਭਏ ਪੁਨ ਪੁਰ ਰਾਮ ਦਾਸ ਤੇ ਸੰਗਤ ਆਈ॥
ਦਰਸਨ ਕਰ ਦੁਖ ਦੂਰ ਭਏ ਸਭ ਪਦ ਪੰਕਜ ਗੁਰ ਸੀਸ ਨਿਵਾਈ॥
ਦ੍ਵੈਕਰ ਜੋਰ ਪੱਲੂ ਗਲਡਾਰ ਕੈ ਹੇ ਜਗਦੀਸ ਸੁਨੋ ਬਿਨਤਾਈ॥
ਸੇਵਾ ਹਰੀ ਪ੍ਰਭ ਰਾਚਾ ਜੀ ਆਪਕੇ ਗਏ ਹਰਿ ਜੀ ਪਰਲੋਕ ਸਿਧਾਈ॥

ਦੋਹਰਾ ॥ ਹਰਿ ਜੀ ਪਾਛੇ ਗੱਦੀ ਤੇ ਬਹਯੋ ਨਿਰੰਜਨ ਰਾਇ॥
ਬਲ ਘਟਯੋ ਹੈ ਏਸ ਕਾ ਸੰਗਤ ਸਾਥ ਨ ਕਾਇ ॥

ਸੋਢੀ ਹਰਿ ਜੀ ਸੋਢੀ ਮਿਰਹਬਾਨ ਦਾ ਪੁਤ੍ਰ ਤੇ ਬਾਬੇ ਪ੍ਰਿਥੀ ਚੰਦ ਦਾ ਪੋਤ੍ਰਾ ਸੀ। ਇਹ ਆਪਣੇ ਪਿਤਾ ਮਿਹਰਬਾਨ ਦੀ ਮਿਰਤੂ ਦੇ ਬਾਦ ਮਾਘ ਸੁਦੀ ਪੰਚਮੀ ਸੰਮਤ ੧੬੯੯॥ ਬਿ: ਨੂੰ ਗੱਦੀ ਤੇ ਬੈਠਾ ਤੇ ਇਸ ਦਾ ਚਲਾਣਾ ਵਿਸਾਖ ਵਦੀ ਇਕਾਦਸੀ ਸੰਮਤ ੧੭੫੩, ਬਿ: ਨੂੰ ਅੰਮ੍ਰਿਤਸਰ ਹੋਇਆ।

ਭਾਈ ਦਰਬਾਰੀ ਦੇ ਕਥਨ ਅਨੁਸਾਰ ਸੋਢੀ ਹਰਿ ਜੀ ਦੇ ਚਲਾਣੇ ਤੋਂ ਬਾਦ ਉਨ੍ਹਾਂ ਦੀ ਸੰਗਤ ਘਰ ਦੀ ਫੁਟ ਕਰਕੇ ਕਿਸੇ ਇਕ ਸੋਢੀ ਨੂੰ ਗੱਦੀ ਤੇ ਨਾਟਿਕਾ ਸਕੀ। ਸੋਢੀ ਨਿਰੰਜਨ ਰਾਇ ਤੇ ਹਰਿ ਗੋਪਾਲ ਜੀ ਅਰ ਕਵਲਨੈਨ ਨੇ ਸੰਗਤ ਨੂੰ ਤਿਨਾ, ਹਿਸਿਆਂ ਵਿਚ ਵੰਡ ਲਇਆ। ਆਖਰ ਉਹ ਇਸ ਫੁਟ ਦੇ ਕਾਰਨ ਸੰਮਤ ੧੭੫੬ ਬਿ: ਤੋਂ ਪਹਿਲੇ ਹੀ ਸ੍ਰੀ ਅੰਮ੍ਰਿਤਸਰ ਦਾ ਨਿਵਾਸਾ ਛੱਡ ਕੇ ਮਾਲਵੇ ਵਿਚ ਨਗਰ ਘਰਾਂਚੋ ਤੇ ਢਿਲਵਾਂ ਅਰ ਗੁਰੂ ਕੋਠੇ ਜਾ ਰਹੇ ਸਨ! ਦੇਖ ਸੱਕ ਹੋ ਗੁਰ ਬੰਸਾਵਲੀ ਪ੍ਰਿਥੀ ਚੰਦ। ਜੋ ਸ੍ਰੀ ਅੰਮ੍ਰਿਤਸਰ ਦੀ ਸੰਗਤ ਸ੍ਰੀ ਗੁਰੂ ਦਸਮ ਜੀ ਪਾਸ ਕਹਿੰਦੀ ਹੈ।

ਦੋਹਰਾ॥ ਅਕਾਲ ਬੁੰਗੇ ਹਰਿ ਮੰਦਰ ਲਈ ਭੇਜੋ ਸੇਵਾਦਾਰ॥
ਪ੍ਰਿਥੀ ਚੰਦੀਏ ਛੋਡ ਗਏ ਗੁਰ ਰਾਮ ਦਾਸ ਦਰਬਾਰ॥

ਚੌ:॥ ਸਤ੍ਰਹ ਸੈ ਪਚਵੰਜਾ ਆਹਿ॥ ਦਿਵਸ ਵੈਸਾਖੀ ਸੰਗਤ ਮਾਹਿ॥
ਚਹੁੰਦਿਸ ਸਤਿਗੁਰ ਦ੍ਰਿਸਟ ਚਲਾਈ॥ ਮਨੀ ਸਿੰਘ ਤੇ ਪਹੁੰਚੀ ਜਾਈ॥
ਦੋਕਰ ਜੋਰ ਖਰਾ ਹੋ ਬੋਲਾ॥ ਹੋ ਸਤਿਗੁਰ ਮੈ ਤੇਰਾ ਗੋਲਾ॥
ਕਹਿਯੋ ਸੁਧਾਸਰ ਨਗਰ ਜਾਵੋ॥ ਹਰਿਮੰਦਰ ਕੀ ਸੇਵ ਕਮਾਵੋ॥
ਪੰਚ ਸਿੱਖ ਗੈਲ ਕੀਏ ਤਿਆਰ॥ ਭੂਪਤ ਸਿੰਘ ਔ ਗੁਲਜਾਰ॥
ਚੰਦਰ ਕੋਇਰ ਸਿੰਘ ਦਾਨ॥ ਪੰਚਮ ਕੀਰਤ ਸਿੰਜਾ ਸੁਜਾਨ॥
ਸੇਵਾ ਹਰੀ ਗੁਰ ਹੋ ਕ੍ਰਿਪਾਲ॥ ਮੰਨ ਬੇਨਤੀ ਸੰਗਤ ਨਾਲ॥

ਦੋਹਰਾ॥ ਪਾਂਚ ਪਹੁਲੀਏ ਸਿੱਖ ਇਹ ਗੁਰਕਾ ਖਾਸ ਦੀਵਾਨ॥
ਲੈ ਆਗਿਆ ਤਬ ਖਸਟ ਇਹ ਖਲ ਅਰਦਾਸ ਸੁਧਾਨ॥
ਬੀੜ ਏਕ ਸ੍ਰੀ ਗ੍ਰੰਥ ਕੀ ਫਰਰੇਦਾਰ ਨਿਸਾਨ॥
ਦੇ ਵਿਦਾ ਸਤਿਗੁਰ ਕੀਆ ਮਨੀ ਸਿੰਘ ਬੁਧਿਮਾਨ॥

"ਕਬਿੱਤ"

ਲੈ ਕੇ ਸੰਗਤ ਕੂੰ ਨਾਲ, ਮਨੀ ਸਿੰਘ ਤਤ ਕਾਲ
ਪਹੁਚ ਸੁਧਾਸਰ ਤਾਲ ਆਇ ਦਰਸਨ ਪਾਂਵਦਾ॥
ਜੇਠ ਸੁਦੀ ਚੋਥ ਸਤ੍ਰ ਹਸੈ ਛਪੰਜਾ ਮਾਹਿ ਕੀਆ ਗ੍ਰੰਥ
ਕਰ ਅਰਦਾਸ ਪ੍ਰਕਾਸ਼ ਹੈ ਝੰਡਾ ਹੈ ਝੁਲਾਂਵਦਾ॥
ਸਿੰਘ ਸੁਣ ਸੁਣ ਆਓਣੋਂ ਆ ਕੇ ਦਰਸ਼ਨ ਪਾਉਣ
ਫਤੇ ਗੁਰ ਕੀ ਬੁਲਾਉਣ ਗੈਲ ਸਭ ਕੂੰ ਬਹਾਵਦਾ॥

ਦਿਤੀ ਬਦਲਸੀ ਰੀਤ ਮੀਣੇ ਭਏ ਭੈ ਭੀਤ
ਭਈ ਖਾਲਸੇ ਕੀ ਜੀਤ ਭੱਟ ਦੇਗ ਵਰਤਾਵਦਾ ॥

ਦੋਹਰਾ ॥ ਦਿਨ ਦੂਨੀ ਰਾਤ ਚੌਗਨੀ ਸੰਗਤ ਵਧਦੀ ਜਾਹਿ ॥
ਮੀਣਿਆਂ ਕਾ ਬਲ ਘਟ ਗਯੋ ਅੰਮ੍ਰਿਤਸਰ ਮੇਂ ਪਾਹਿ ॥
ਦੇਸ ਮਾਲਵੇ ਜਾ ਵਸਯੋ ਰਾਇ ਨਿਰੰਜਨ ਆਇ ॥
ਘਰਾਂ ਚੋ ਸੁਤ ਇਸ ਕਾ ਰਿਹਾ ਨਾਮ ਦਖਣ ਰਾਇ ॥

ਕਬਿੱਤ ॥ ਨਿਤ ਪ੍ਰਤਿ ਕਥਾ ਹੋਵੇ ਗ੍ਰੰਥ ਮਹਾਰਜ ਜੂਕੀ
ਬੁੰਗੇ ਹੈਂ ਅਕਾਲ ਨਿਤ ਲਗਦਾ ਦੀਵਾਨ ਜੀ ॥
ਰਹਿਤ ਦਸ਼ਮੇਸ ਜੀ ਦੀ ਦੱਸ ਨਿਤ ਸੰਗਤਾਂ ਕੂੰ
ਖਰੇ ਖੋਟੇ ਵਾਲੀ ਨਿਤ ਹੋਵਦੀ ਪਛਾਣ ਜੀ ॥
ਖੰਡੇ ਦੀ ਪਹੁਲ ਦੇਵੇ ਆਪ ਭਿਲਾਖੀਆ ਕੋ
ਨਿਤ ਨਵੇਂ ਸਿੰਘ ਸਜ ਪਿੰਡਾਂ ਵਿਚ ਜਾਨ ਜੀ ॥
ਸੇਵਾ ਹਰੀ ਇਵੇਂ ਕਿਵੇਂ ਬੀਤ ਗਏ ਬਰਖ ਕਈ
ਸੁਧਾਸਰ ਵਿਖੇ ਮਨੀ ਸਿੰਘ ਕੋ ਪਛਾਨ ਜੀ ॥

ਦੋਹਰਾ ॥ ਕਈ ਵਾਰ ਮਨੀ ਸਿੰਘ ਜੂ ਆਏ ਪੁਰੀ ਅਨੰਦ ॥
ਸਿੱਖ ਗੁਰੂ ਕਾ ਪਿਆਰ ਇਮ ਜਿਮ ਚਕੋਰ ਤੇ ਚੰਦ ॥

ਦੋਹਰਾ ॥ ਸੇਵਾ ਸੁਣ ਹਰਿ ਮੰਦਰ ਕੀ ਸਤਿਗੁਰ ਹੋਇ ਦਿਆਲ ॥
ਦੇ ਪਤ੍ਰਕਾ ਸਤਿਕਾਰਿਆ ਮਨੀ ਸਿੰਘ ਤਤਕਾਲ ॥

ਚੌ: ॥ ਮਨੀ ਸਿੰਘ ਕੋ ਦੇ ਵਡਿਆਈ ॥ ਹੁਕਮ ਨਾਮੇ ਕੈ ਮੱਧ ਲਿਖਾਈ ॥
ਸੇਵਾ ਕਰਤ ਹੋਇ ਨਿਹ ਕਾਮੀ ॥ ਤਿਸਕਉਹੋਵਤ ਪਰਾਪਤ ਸੁਆਮੀ ॥
ਮਨੀ ਸਿੰਘ ਕੀ ਐਸੀ ਹੈ ਕਰਨੀ ॥ ਇਕ ਜਿਹਵਾ ਸੇ ਜਾਇ ਨ ਬਰਨੀ ॥
ਇਨ ਕੇ ਪਿਤਾ ਪਿਤਾਮਾ ਸਰੈ ॥ ਪੁਤ੍ਰ ਭਾਈ ਸਣ ਪਰਵਾਰੈ ॥
ਧਰਮ ਹੇਤ ਸੀ ਹੋਏ ਸ਼ਹੀਦ ॥ ਗੁਰ ਬਾਬੇ ਕੇ ਸਬੀ ਮੁਰੀਦ ॥
ਸੇਵਾ ਹਰੀ ਸਵਾਰੇ ਕਾਜ ॥ ਸਮ ਸੇਵਕ ਕੀ ਰਾਖੋ ਲਾਜ ॥

ਅਗੈ ਹੁਕਮਨਾਮਾ ਦਸਮ ਗੁਰੂ ਜੀ ਨੇ ਭਾਈ ਮਨੀ ਸਿੰਘ ਜੀ ਨੂੰ ਦਿਤਾ ॥

ੴ ਸਤਿਗੁਰ ਪ੍ਰਸਾਦਿ ॥

ਸ੍ਰੀ ਸਤਿ ਗੁਰ ਜੀ ਦੀ ਆਗਿਆ ਹੈ। ਭਾਈ ਬਚਿਤ੍ਰ ਸਿੰਘ ਜੀ, ਭਾਈ ਉਦੇ ਸਿੰਘ ਜੀ, ਭਾਈ ਅਨਿਕ ਸਿੰਘ ਜੀ, ਭਾਈ ਅਜਬ ਸਿੰਘ ਜੀ, ਭਾਈ ਅਜਾਇਬ ਸਿੰਘ ਜੀ, ਨਾਇਕ ਮਾਈ ਦਾਸ ਵੋਇ ਮਨੀ ਸਿੰਘ ਨੂੰ ਵਾਹਗੁਰੂ ਸਰਮ ਰਖੇਗਾ। ਤੁਸੀਂ ਮੇਰੇ ਪੁਤ੍ਰ ਫਰ ਜ਼ੰਦਹਖਾਨੇ ਜਾਦ ਹੋ ਤੁਸਾਂ ਉਪਰ ਮੇਰੀ ਖੁਸ਼ੀ ਹੈ।

ਸਭ ਵਰਤਾਰੇ ਕੇ ਤੁਸੀਂ ਮਹਿਰਮ ਹੋ। ਹੋਰ ਕੌਡੀ ਦਮੜੀ ਪੈਸਾ ਧੇਲਾ ਰੁਪੈਯਾ ਰਛਿੱਆ ਦਾ ਜੋ ਅਸਾਂ ਨੂੰ ਦੇਏਗਾ। ਏਹ ਮੇਰੇ ਫਰਜੰਦ ਹੈਨ। ਸਿੱਖਾਂ ਪੁਤਾਂ ਸੇਵਾ ਦਾ ਵੇਲਾ ਹੈ। ਜੋ ਲੋਚ ਕੈ ਸੇਵਾ ਕਰੋਗੇ ਤੁਸਾਡੀ ਸੇਵਾ ਦਰਗਾਹਿ ਥਾਇ ਪਵੈਗੀ। ਤੁਸਾਂ ਉਪਰ ਵਾਹਿਗੁਰੂ ਰਛਿਆ ਕਰੇਗਾ। ਸੰਮਤ ੧੭੬੦, ਮਿਤੀ ਕਰਤ ੧ ॥

ਦੋਹਰਾ ॥ ਲੈ ਆਗਿਆ ਗੁਰੂ ਥੀ ਮਨੀ ਸਿੰਘ ਬੁਧਿਮਾਨ ॥
ਪਹੁੰਚ ਨਗਰੀ ਸੁਧਾ ਗੁਰ ਕਾ ਖਾਸ ਦੀਵਾਨ ॥
ਪੁਰ ਆਨੰਦ ਕਈ ਜੁੱਧ ਕਰ ਸ੍ਰੀ ਸਤਿਗੁਰ ਦਸਮੇਸ ॥
ਛੋਰ ਅਨੰਦਪੁਰ ਨਗਰ ਕੋ ਗਏ ਮਾਲਵੇ ਦੇਸ ॥

ਚੌ: ॥ ਅੰਮ੍ਰਿਤਸਰ ਮੇਂ ਇਹ ਸੁਨ ਪਾਈ ॥ ਛੋਰ ਅਨੰਦਪੁਰ ਗਏ ਜਗਰਾਈ ॥
ਮਾਤਾ ਸਹਿਤ ਸਜਾਦੇ ਚਾਰੇ ॥ ਹੋ ਸਹੀਦ ਗੁਰ ਪੁਰੀ ਸਿਧਾਰੇ।
ਮੁਕਤੇ ਪਾਂਚ ਪਿਆਰੇ ਤੀਨ ॥ ਸੁਤ ਮਨੀ ਸਿੰਘ ਪਾਂਚੋ ਚੀਨ ॥
ਅਪਰ ਸਿੰਘ ਲਰ ਸੁਰਗ ਸਿਧਾਏ ॥ ਨਾਮ ਸਭ ਨਹੀ ਜਾਤ ਗਿਨਾਏ ॥

ਅਗੇ ਜੋ ਮੁਕਤਸਰ ਦਾ ਜੰਗ ਤੇ ਸਾਬੋ ਕੀ ਤਲਵੰਡੀ ਪਹੁੰਚਣਾ ਲਿਖਾਰੀ ਗੁਰ ਬਿਲਾਸੀਏ ਭਾਈ ਨੇ ਇਨਾ ਵਾਕਿਆਤਾ ਦਾ ਸੰਮਤ ਤਾਂ ਕੋਈ ਦਿਤਾ ਹੀ ਠੀਕ ਨਹੀਂ। ਨਾ ਭਾਈ ਜੀ ਨੂੰ ਯਾਦ ਹੋਣਾ ਈ ਹੈ। ਗੁਰ ਬਿਲਾਸ ਵਿਚ ਤਕਰੀਬਨ ਬਹੁਤੀਆਂ ਘਟਨਾਵਾਂ ਦਸਣ ਵਿਚ ਪੰਜ ਦਸ ਬਲਕਿ ਪੰਦਰਾਂ ਸੋਲਾਂ ਵਰ੍ਹਿਆਂ ਦੇ ਅਗੇਤ ਪਿਛੇਤ ਪਾ ਧਰੇ ਹਨ। ਤਿਵੇਂ ਏਥੇ ਭੀ ਛੇ ਸਤ ਮਹੀਨਿਆਂ ਅੰਦਰ ਮੁਕਤਸਰ ਜੁੱਧ ਤੇ ਗ੍ਰੰਥ ਸਾਹਿਬ ਤਿਆਰ ਕਰਨ ਅਰ ਜਫਰਨਾਮਾਂ ਲਿਖ ਭੇਜਣਾ ਜੋ ਵਡੇ ਵਡੇ ਸਾਰੇ ਕਾਰਜ ਨਬੇੜ ਦਿਤੇ ਹਨ।

ਭਾਈ ਸਾਹਿਬ ਗੁਰ ਬਿਲਾਸੀਏ ਨੂੰ ਪਤਾ ਨਹੀਂ ਕਿ ਸਤਿਗੁਰੂ ਜੀ ਚਮਕੌਰ ਤੋਂ ਨਿਕਲਕੇ ਕਾਂਗੜ ਦੀਨੇ ਪਹੁੰਚੇ ਤੇ ਤਿੰਨ ਕੁ ਮਹੀਨੇ ਉਥੇ ਟਿਕੇ ਸਨ। ਫੌਜਦਾਰ ਸੂਬੇ ਸਰਹੰਦ ਦੀ ਚੜ੍ਹਤ ਸੁਣ ਕੇ ੧੭੬੨ ਬਿ: ਚੇਤ੍ਰ ੬ ਨੂੰ ਗੁਰੂ ਸਾਹਿਬ ਜੀ ਨੇ ਹੁਕਮਨਾਮੇ ਭੇਜ ਕੇ ਮੁਕਤਸਰ ਜੁੱਧ ਲੜਨ ਵਾਸਤੇ ਜਮੀਅਤ ਤੇ ਖਰਚ ਲਈ ਧਨ ਇਕਠਾ ਕੀਤਾ ਤੇ ੧੭੬੩ ਵੈਸਾਖ ੨੧ ਵੀਰਵਾਰ ਖਿਦਰਾਣੇ ਦੀ ਢਾਬਪੁਰ ਜੁੱਧ ਜਿਤਿਆ ਤੇ ਫਿਰ ਲਖੀ ਜੰਗਲ ਅੰਦਰ ਅਨੇਕ ਥਾਈਂ ਵਿਚਾਰਦੇ ਸਾਬੋ ਕੀ ਤਲਵੰਡੀ ਪਹੁੰਚੇ, ਇਸੇ ਵਰ੍ਹੇ ਕਤਿਕ ੨੦ ਨੂੰ ਉਥੋਂ ਦਖਣ ਵਲਿ ਕੂਚ ਕਰਨ ਦੀ ਤਿਆਰੀ ਕੀਤੀ ਸੀ। ਜੋ ੨੯ ਕਤਿਕ ਨੂੰ ਦਖਣ ਵਲ ਚਾਲੇ ਪਾ ਦਿਤੇ।

ਇਸ ਹਿਸਾਬ ਗੁਰੂ ਸਾਹਿਬ ਸਾਬੋਕੀ ਤਲਵੰਡੀ ਗੁਰੂ ਕਾਂਸ਼ੀ ਚਾਰ ਪੰਜ ਮਹੀਨੇ ਤੋਂ ਵਧ ਵਿਰਾਜ

ਨਹੀਂ ਸਕੇ । ਇਤਨੇ ਥੋੜ੍ਹੇ ਸਮੇਂ ਅੰਦਰ ਇਕ ਲਿਖਾਰੀ ਏਨਾ ਵੱਡਾ ਤੇ ਮਹਾਨ ਗ੍ਰੰਥ ਸਾਹਿਬ ਨਹੀਂ ਲਿਖ ਸਕਦਾ । ਮੁਕਤਸਰ ਜੁੱਧ ਤੇ ਸਾਬੋਕੀ ਤਲਵੰਡੀ ਸਤਿਗੁਰਾਂ ਦੇ ਵਿਰਾਜਣ ਦੇ ਸਮੇਂ ਸਬੰਧੀ ਸਾਖੀ ਨਵੀਸਾਂ ਦੇ ਪਾਏ ਭੁਲੇਖਿਆਂ ਨੂੰ ਨਿਖਾਰਨ ਵਾਸਤੇ ਅਸੀਂ ਸਤਿਗੁਰਾਂ ਦੇ ਦੋ ਹੁਕਮਨਾਮੇ ਪੇਸ਼ ਕਰਦੇ ਹਾਂ । ਜ਼ਿਲਾ ਅੰਮ੍ਰਿਤਸਰ ਦੀ ਸੰਗਤ ਦੇ ਨਾਮ ਜੋ ਚੋਲੇ ਸਾਹਿਬ ਭੇਜਿਆ ਹੈ ।

[੧] ਚੋਲਾ । ਹੁਕਮ ਨਾਮਾ ਚੋਲੇ ਦੀ ਸੰਗਤ ਨੂੰ ।

੧ ਓ ਵਾਹਿਗੁਰੂ ਜੀ ਕੀ ਫਤੇ ਹੈ ॥

ਸ੍ਰੀ ਗੁਰੂ ਜੀ ਦੀ ਆਗਿਆ ਹੈ :–

ਸਰਬਤ ਸੰਗਤ ਚੋਲੇ ਕੀ ਮੇਰਾ ਖਾਲਸਾ ਹੈ । ਗੁਰੂ ਰਖੇਗਾ । ਗੁਰੂ ਗੁਰੂ ਜਪਣਾ ਜਨਮ ਸਉਰੈਗਾ । [੧] ਸੁਇਨਾ ਤੋਲਾ ਇਕ ਤਿਸਕੇ ਰੁਪਯੈ ੨੦ ।

ਬੀਹ ਹਜ਼ੂਰ ਭੇਜਣੇ । ਪੈਸੇ ਸਿਖਾਨੋ ਖਰਚਣ ਨੋ ਚਾਹੀਦੇ ਹਨ । ਜੋ ਸਿਖ ਫੁਰਮਾਇਸ ਲੋਚ ਕੈ ਦੇਗ ਸੋ ਨਿਹਾਲ ਹੋਗ । ਜੋ ਸਿਖ ਹਥਿਆਰ ਬੰਨਿਕੇ ਹਜ਼ੂਰ ਆਵਗ ਸੋ ਨਿਹਾਲ ਹੋਗ । ਮਨੋਰਥ ਗੁਰੂ ਪੂਰੇ ਕਰੇਗਾ । ਸੰਗਤ ਮੇਰੀ ਕੋਠੜੀ ਹੈ । ਨਿਹਾਲ ਹੋਇ ਸੰਮਤ ੧੭੬੨ ਮਿਤੀ ਚੇਤੋਂ ੬। ਸਤਰਾਂ ੧੧ । ਨੋਟ ਖਾਸ । ਸੰਗਤ ਤੁਸਾਂ ਹੁੰਡੀ ਕੋਟਾਂ ਉਪਰ ਕਰਾਇ ਭੇਜਣੀ ਜ਼ਰੂਰ । ਇਕ ਆਦਮੀ ਨਾਲ਼ ਕਰਿਣਾ ।

[੧] ਏਥੇ ਕੋਟਾਂ ਤੋਂ ਮੁਰਾਦ ਕੋਟ ਕਪੂਰਾ ਤੇ ਫਰੀਦ ਕੋਟ ਹੈ । ਧਰਮ ਕੋਟਾਂ ਤੋਂ ਕੋਟ ਈਸੇ ਖਾਂ । ਕਿਉਂ ਜੋ ਗੁਰੂ ਸਾਹਿਬ ਨੇ ਹੁਕਮਨਾਮਾ ਦੀਨਾ ਕਾਂਗੜ ਵਿਚ ਫੌਜਦਾਰ ਸਰਹੰਦ ਦੀ ਚੜ੍ਹਤ ਸੁਣਕੇ ਲਿਖਿਆ ਹੈ । ਆਪ ਜੀ ਨੇ ਜੰਗ ਨੂੰ ਟੇਡ ਦੇਕੇ ਜਮੀਅਤ ਜੋੜ ਕੇ ਕਿਸੇ ਮੁਨਾਸਬ ਮੈਦਾਨ ਦੀ ਤਲਾਸ਼ ਵਾਸਤੇ ਜੰਗਲ ਦੀ ਭਾਲ ਕੀਤੀ । ਸਤਿਗੁਰੂ ਜੀ ਚਮਕੌਰ ਤੋਂ ਨਿਕਲਿ ਕਾਂਗੜ ਦੀਨੇ ਪਹੁੰਚੇ ਤੇ ਤਿੰਨ ਕੁ ਮਹੀਨੇ ਉਥੇ ਟਿਕੇ ਸਨ । ਇਹ ਹੁਕਮ ਨਾਮਾ ਵੀਹ ਵਿਸਵੇ ਦੀਨੇ ਤੋਂ ਲਿਖਿਆ ਹੈ । ਜੰਗ ਦੀਆਂ ਤਿਆਰੀਆਂ ਇਸ ਤੋਂ ਸਾਫ ਪ੍ਰਗਟ ਹੁੰਦੀਆਂ ਹਨ । ਜੋ ਸੰਮਤ ੧੭੬੩ । ਵੈਸਾਖ ੨੧ ਵੀਰ ਵਾਰਿ ਖਿਦਰਾਣੇ ਦੀ ਢਾਬ ਤੇ ਮੁਕਤਸਰ ਜੁੱਧ ਜਿਤਿਆ ਤੇ ਲਖੀ ਜੰਗਲ ਨੂੰ ਗਏ ਹਨ ।

—o—

[੨] ਹੁਕ ਨਾਮਾ ਬੈਰਾੜਾਂ ਦੀ ਸੰਗਤ ਦੇ ਨਾਮ ॥

੧ ਓ ਸਿਰੀ ਸਤਿਗੁਰੂ ਜੀ ॥

ਸਿਰੀ ਗੁਰੂ ਜੀ ਦੀ ਆਗਿਆ ਹੈ : ਸਰਬਤਿ ਸੰਗਤਿ ਬੈਰਾੜਾ ਕੀ ਗੁਰੂ ਰਖੇਗਾ । ਗੁਰੂ ਗੁਰੂ ਜਪਣਾ : ਜਨਮ ਸਓਰੈਗਾ । ਫੁਰਮਾਇਸ ਹੁਕਮ ਦੇਖਦਿਆਂ ਭੇਜਣੀ ।

੧. ਬੈਲੁਹਛਾ ਇਕ ਭਾਈ ਬਿਰਾਜ ਸਿੰਘ ।

੧. ਬੈਲੁਹਛਾ ਭਾਈ ਬਲਾਕੀ ਸਿੰਘ ।

੧. ਬੈਲੁਹਛਾ ਇਕ ਭਾਈ ਬਾਜ ਸਿੰਘ ।
੧. ਬੈਲੁਹਛਾ ਇਕ ਭਾਈ ਧਰਮ ਸਿੰਘ ਰੂਪੇਕਾ ।

ਸਰਬਤਿ ਸੰਗਤਿ ਬੈਰਾੜਾ ਕੀ ਭਾਈ ਰੂਪੇ ਕੀ ਵਸਦੀ ਕੀ ਗੁਰੂ ਰਖੇਗਾ । ੪ ਬੈਲੁਹਛੇ ਬਹਿਲਾਂ ਨੋ ਭੇਜਣੇ ਹੁਕਮ ਦੇਖਦਿਆਂ ਮੇਰੀ ਤੁਸਾਂ ਉਪਰਿ ਖੁਸ਼ੀ ਹੈ ।

ਅਸਾਂ ਦਖਣ ਨੋ ਕੂਚ ਕੀਤਾ ਹੈ । ਜਿਨਿ ਸਿਖਾਂ ਸਾਡੇ ਨਾਲ ਚਲਣਾ ਹੋਏ, ਤਿਨਾ ਹੁਕਮ ਦੇਖਦਿਆਂ ਹਜ਼ੂਰ ਆਵਣਾ । ਮੇਰੀ ਤੁਸਾਂ ਉਪਰਿ ਖੁਸ਼ੀ ਹੈ, ਤੁਹਾਡੀ ਗੁਰੂ ਜੀ ਰਖੇਗਾ । ਸੰਮਤ ੧੭੬੩ ਮਿਤੀ ਕਤਕੋ ੨੦, ਸਤਰਾਂ ।

ਸੰਮਤ ੧੭੬੩ ਬਿ: ਨੂੰ ਦੱਖਣ ਪਿਆਨੇ ਤੋਂ ੧੦ ਦਿਨ ਪਹਿਲੋਂ ਗੁਰੂ ਸਾਹਿਬ ਜੀ ਨੇ ਲਖੀ ਜੰਗਲ ਦੇ ਪਿੰਡ ਸਾਬੋ ਕੀ ਤਲਵੰਡੀ ਦਮਦਮੇ ਸਾਹਿਬ ਤੋਂ ਕਸਾਈਆਂ ਦੇ ਵਿੰਗ ਦਾ ਹਵਾਲਾ ਦੇਕੇ ਸਿਖ ਸੰਗਤਾਂ ਦੇ ਨਾਮ ਸਦ ਕੀਤੀ ਤਾਂ ਭਾਈ ਮਨੀ ਸਿੰਘ ਜੀ ਸੰਗਤ ਸਮੇਤ ਸ੍ਰੀ ਅੰਮ੍ਰਿਤਸਰ ਤੋਂ ਗੁਰਚਰਨਾਂ ਵਿਚ ਹਾਜ਼ਰ ਹੋਏ ।

ਦੋਹਰਾ ॥ ਦਿਸਾ ਦਖਣ ਜਬ ਕੀਆ ਪਿਆਨਾ ਆਹਿ ॥
ਗਏ ਮਨੀ ਸਿੰਘ ਗੈਲ ਤਬ ਸੁਨੋ ਕਥਾ ਅਬਤਾਹਿ ॥
ਦੋਹਰਾ ॥ ਸ਼ਹਿਰ ਸੁਨਾ ਬਘੌਰ ਇਕ ਤਹਿ ਪਹੁੰਚੇ ਗੁਰ ਨਾਥ ॥
ਲਰਿਆ ਤਹਿ ਇਕ ਭੂਮੀਆ ਸ੍ਰੀ ਖਾਲਸੇ ਸਾਥ ॥
ਚੌ: ॥ ਭਈ ਜੀਤ ਝਗਰਾ ਮੁਕ ਗਯਾ । ਬਧਤ ਬਿਖਾਧ ਵਿਚੇ ਰੁਕ ਗਜਾ ॥
ਬੀਤੀ ਰੈਣ ਚੜਿਆ ਦਿਨ ਆਕੇ ॥ ਬੈਠੇ ਗੁਰੂ ਦੀਵਾਨ ਲਗਾ ਕੇ ॥
ਮਨੀ ਸਿੰਘ ਤੇ ਆਦਿਕ ਔਰ ॥ ਬੁਢੇ ਕਾਸੀ ਰਾਮ ਜੋ ਕੌਰ ॥
ਦੇ ਧੀਰਜ ਗੁਰ ਪਿਛੇ ਹਟਾਏ ॥ ਸ੍ਰੀ ਜਗਦੀਸ ਜਗਤ ਕੈ ਰਾਏ ॥
ਸੇਵਾ ਹਰੀਮਨੀ ਸਿੰਘ ਬੀਰ ॥ ਪਹੁੰਚੇ ਆਇ ਸੁਧਾਸਰ ਤੀਰ ॥
ਦੋਹਰਾ ॥ ਦਖਣ ਦਿਸਾ ਸਤਿਗੁਰ ਗਏ ਸੰਗਤ ਭਈ ਉਦਾਸ ॥
ਧੀਰਜ ਦੇਵੇ ਮਨੀ ਸਿੰਘ ਰਚ ਸਾਖੀਆ ਖਾਸ ॥
ਸ਼ਹੀਦ ਬਿਲਾਸ ॥ ਪੰਨਾ ੩੩ ॥

ਗੁਰੂ ਸਾਹਿਬ ਦੇ ਦਖਣ ਚਲੇ ਜਾਣ ਦੇ ਉਪਰੰਤ ਸਿਖਾਂ ਵਿਚ ਕੁਝ ਉਦਾਸੀ ਛਾ ਗਈ ਭਾਈ ਮਨੀ ਸਿੰਘ ਜੀ ਨੇ ਸਿਖਾਂ ਵਿਚ ਸ਼ਰਧਾ ਭਾਵ ਕਾਇਮ ਰਖਣ ਤੇ ਉਨ੍ਹਾਂ ਸਿਖਾਂ ਦੀ ਉਦਾਸੀ ਨੂੰ ਦੂਰ ਕਰਨ ਦਾ ਇਕ ਢੰਗ ਸੋਚ ਕੇ ਬਬਾਣੀਆ ਕਹਾਣੀਆਂ ਕਰਨ ਦਾ ਅਰੰਭ ਕੀਤਾ ਜੋ ਸੰਮਤ ੧੭੬੩ ਵਿਚ ਬਘੌਰ ਸ਼ਹਿਰ ਤੋਂ ਵਾਪਸ ਆ ਕੇ ਸ੍ਰੀ ਅੰਮ੍ਰਿਤਸਰ ਵਿਚ ਗੁਰ ਬਿਲਾਸ ਪਾ: ੬ ਤੋਂ ਪਹਿਲਾਂ ਦੇਖੋ ।

ਕਵਿ ਕੋਇਰ ਸਿੰਘ ਕਲਾਲ ਨੇ ਸੰਮਤ ੧੮੦੧ ਬਿ: ਵਿਚ ਗੁਰ ਬਿਲਾਸ ਪਾ: ੧੦ ਲਿਖਿਆ ਹੈ।

ਸੰਮਤ ੧੮੪੮ ਬਿ: ਵਿਚ ਭਾਈ ਸੁਖਾ ਸਿੰਘ ਗ੍ਰੰਥੀ ਤਖਤ ਸ੍ਰੀ ਕੇਸਗੜ੍ਹ ਸਾਹਿਬ ਨੇ ਦਸਮ ਪਾਤਸ਼ਾਹ ਦੇ ਚਰਿਤ੍ਰ ਗੁਰਬਿਲਾਸ ਕਹੇ ਹਨ। ਸੰਮਤ ੧੮੬੮ ਬਿਕ੍ਰਮੀ ਵਿਖੇ ਖੁਸ਼ਵਕਤ ਰਾਏ ਨੇ ਫਾਰਸੀ ਵਿਚ ਤਵਾਰੀਖ ਸਿਖਾਂ ਲਿਖੀ ਹੈ।

ਸੰਮਤ ੧੯੦੦ ਬਿ: ਵਿਚ ਕਵਿ ਚੂੜਾ ਮਣਿ ਭਾਈ ਸੰਤੋਖ ਸਿੰਘ ਜੀ ਨੇ ਸ੍ਰੀ ਗੁਰੂ ਪ੍ਰਤਾਪ ਸੂਰਜ ਗ੍ਰੰਥ ਸੰਪੂਰਨ ਕੀਤਾ ਹੈ। ਯਾਨੀ ਏਸੇ ਸੌ ਸਾਲ ਦੇ ਅਰਸੇ ਵਿਚ ਇਹ ਸਾਰੇ ਪ੍ਰਸਿਧ ਇਤਿਹਾਸਕ ਗ੍ਰੰਥ ਤਿਆਰ ਹੋਇ ਹਨ ਪਰ ਕਿਸੇ ਨੇ ਸਾਂਈ ਬੁੱਢਣ ਸਾਹ ਦੀ ਪੇਸ਼ੀਨਗੋਈ ਨਹੀਂ ਕੀਤੀ। ਕਵੀ ਸੋਹਣ ਦੀ ਮਾਰੀ ਗਪ ਨੂੰ ਪੁਜਾਰੀਆਂ ਨੇ ਅਮਲੀ ਜਾਮਾ ਨਹੀਂ ਪਹਿਨਾਇਆ।

ਬਾਕੀ ਜੋ ਇਤਿਹਾਸਾਂ ਵਿਚ ਕਥਨ ਕੀਤਾ ਹੈ ਕਿ ਭਾਈ ਮਨੀ ਸਿੰਘ ਜੀ ਸਾਬੋਕੀ ਤਲਵੰਡੀ ਇਤਿਹਾਸੀ ਬੀੜ ਦੇ ਲਿਖਾਰੀ ਦਸੇ ਜਾਂਦੇ ਹਨ। ਜਿਸ ਸਾਲ ਇਹ ਬੀੜ ਲਿਖੀ ਗਈ ਹੈ ਉਸ ਸਾਲ ਤਾਂ ਭਾਈ ਮਨੀ ਸਿੰਘ ਜੀ ਭਟ ਵਹੀ ਤੇ ਦਉਰੇ ਦੀਆਂ ਸਾਖੀਆਂ ਅਰ ਸ਼ਹੀਦ ਬਿਲਾਸ ਤੇ ਗੁਰਪਦ ਪ੍ਰੇਮ ਪ੍ਰਕਾਸ਼ ਅਨੁਸਾਰ ਸ੍ਰੀ ਅੰਮ੍ਰਿਤਸਰ ਦਰਬਾਰ ਸਾਹਿਬ ਦੇ ਗ੍ਰੰਥੀ ਦੀ ਸੇਵਾ ਉਤੇ ਨੀਯਤ ਸਨ। ੧੭੬੩ ਬਿ: ਦੀ ਜੇਠ ਸੁਦੀ ਚੌਥ ਨੂੰ ਦੇਸਾ ਸਿੰਘ ਭੱਟ ਦੀ ਟੋਲੀ ਸ੍ਰੀ ਅੰਮ੍ਰਿਤਸਰ ਪਹੁੰਚੀ। ਭਾਈ ਮਨੀ ਸਿੰਘ ਦੇ ਪੋਤ੍ਰੇ ਭਾਗੂ ਸਿੰਘ ਦੀ ਵਧਾਈ ਲਈ ਇਸ ਮੌਕਿਆ ਤੇ ਦੇਸਾ ਸਿੰਘ ਭਟ ਨੇ ਦੂਜਾ ਦੋਹਾ ਕਹਿਆ ਜਲਹਾ ਨੇ ਪੰਵਾਰ ਬਾਂਕੇ ਅਲੀਪੁਰ ਕੇ ਬੰਝਰ ਉਤੇ।

ਤਉਸੇ ਕੌਨ ਅਰੈ ਜਸਵਾਰ ਗਾਮ ਕਾ ਮਾਰਿਆ ਕੇਸਰੀ ਹਾਥੀ ਗੈਲ ਲਰੈ ॥
ਬਿਚਿਤ੍ਰ ਸਿੰਘ ਤੇਰੀ ਬਰਛੀ ਕੋ ਸਨ ਤੇਰੀ ਸਾਂਗ ਝਰਮਲ ਕਰੈ ॥
ਤੇਰੋ ਨਾਮ ਥੀ ਰਿਪ ਥਰ ਥਰ ਕਾਂਪੈ ਤੇਰੀ ਪਰਬਤੀ ਹਲਕ ਪਰੈ ॥
ਧਨਧਨ ਮਾਤਾ ਤਉ ਸੀਤੋ ਬਾਈ ਤੇਰੇ ਪਾਂਚ ਸਪੂਤ ਰਨੈ ਲਰ ਮਰੈ ॥
ਬੀਰ ਮਨੀ ਸਿੰਘ ਜਸ ਤਉਕਾ ਗਾਉ ਤੇਰਾ ਨਾਮ ਚਉ ਕੂੰਟੀ ਮੁਖ ਰਰੈ ॥
ਧਨ ਧਨ ਦਿਆਲ ਦਾਸ ਜਸ ਤਉਕਾ ਖੰਡ ਬ੍ਰਹਮੰਡ ਮੂੰਡ ਸਭ ਉਚਰੈ ॥
ਚਾਰ ਬਰਨ ਖਟ ਦਰਸਨ ਸਾਰੇ ਰਟਤ ਨਾਮ ਨਿਸ ਬਾਸਰ ਘਰੈ ॥
ਜਸਜੋੜ ਦੇਸਾ ਸਿੰਘ ਭਟ ਭਨਿਆ ਸਾਲਸਤ੍ਰਾਂਸੈ ਤ੍ਰੈਸਠੇ
ਉਜਲਦਾਨ ਦੀਉ ਗਲ ਜੋਂ ਟਕ ਰਰੈ ॥
ਕੀ ਬਿਧਾਂਈ ਪੋਤੇ ਭਾਗੂ ਸਿੰਘ ਕੀ ਗੁਰੂ ਚਕ ਕੇ ਮਲਹਾਨ
ਜੇਠ ਚਾਨਨੀ ਚੌਥ ਰੁਪਉ ਸੇ ਮੂੰਡ ਭਟੋ ਕਾ ਭਰੈ ॥

ਅਰ ਗੁਰੂ ਕੀ ਕਾਂਸੀ ਵਾਲੇ ਦਮਦਮੇ ਸਾਹਿਬ ਵਿਰਾਜਣ ਸਮੇਂ ਸ੍ਰੀ ਗੁਰੂ ਦਸਮ..

ਜੀ ਦੇ ਮੁਖਾਰ ਬਿੰਦ ਤੋਂ ਕੋਈ ਗ੍ਰੰਥ ਸਾਹਿਬ ਨਹੀਂ ਉਚਰਾਇਆ ਤੇ ਨਹੀਂ ਭਾਈ ਮਨੀ ਸਿੰਘ ਜੀ ਤੋਂ ਲਿਖਵਾਇਆ। ਲੇਕਿਨ ਇਸ ਤੋਂ ਅਗਲੀ ਸ਼ਤਾਬਦੀ ੧੯੪੩।੫੨। ਬਿਕ੍ਰਮੀ ਅੰਦਰ ਸ੍ਰੀ ਤਖਤ ਅਕਾਲ ਬੁੰਗਾ ਤੇ ਗੁਰੂ ਕਾਂਸੀ ਦੇ ਪੁਜਾਰੀਆਂ ਦੀ ਰਲ ਮਿਲਕੇ ਘੜੀ ਇਸ ਸਾਖੀ ਨੂੰ ਪੰਡਿਤ ਤਾਰਾ ਸਿੰਘ ਨਰੋਤਮ ਤੇ ਗਿਆਨੀ ਗਿਆਨ ਸਿੰਘ ਪੰਥ ਪ੍ਰਕਾਸੀਏ ਨੇ ਹਕੀਕਤ ਬਣਾ ਧਰਿਆ ਹੈ। ਪੰਡਿਤ ਜੀ ਸ੍ਰੀ ਗੁਰੂ ਤੀਰਥ ਸੰਗ੍ਰਹ ਪੋਥੀ ਵਿਚ ਸਾਬੋਕੀ ਤਲਵੰਡੀ ਦੇ ਗੁਰ ਤੀਰਥਾ ਦਾ ਜ਼ਿਕਰ ਕਰਦੇ ਹੋਏ ਲਿਖਦੇ ਹਨ।੧੨੬।੦੧ ਤਖਤ ਸਾਹਿਬ ੨ ਸਿਖ ੩ ਜਹਾਂ ਗ੍ਰੰਥ ਸਾਹਿਬ ਜੀ ਕੀ ਬੀੜ ਤਯਾਰ ਕਰੀ। ਇਸ ਜਗਾ ਤੰਬੂ ਰਹਿਤਾ ਥਾ ਬਡੇ ਦਰਬਾਰ ਸੇ ਬੀਸ ਕਦਮ ਦਖਣ ਹੈ।੪। ਪੰਨਾ ੧੫੧। ਇਹ ਹੁਕਮ ਨਾਮਾ, ਸਾਫ ਦਸ ਰਿਹਾ ਹੈ ਕਿ ਗੁਰੂ ਸਾਹਿਬ ਨੇ ਦਖਣ ਜਾਣ ਦੀ ਪੂਰੀ ਤਿਆਰੀ ਕਰਕੇ ਸਾਬੋ ਕੀ ਤਲਵੰਡੀ ਗੁਰੂ ਕਾਂਸੀ ਤੋਂ ਹੀ ਲਿਖਿਆ ਹੈ। ਇਸੇ ਗਲ ਨੂੰ ਵਧਾ ਕੇ ਗਿਆਨੀ ਗਿਆਨ ਸਿੰਘ ਜੀ ਸ੍ਰੀ ਗੁਰੂ ਪੰਥ ਪ੍ਰਕਾਸ ਗ੍ਰੰਥ ਵਿਚ ਬਿਆਨ ਕਰਦੇ ਹਨ।

ਦੋਹਰਾ ॥

ਅਨੰਦਪੁਰ ਮੈਂ ਏਕ ਬਿਰ ਦਸਮ ਗੁਰੂ ਨੇ ਚੇਤ॥ ਪੰਚਮ ਗੁਰੂ ਕੇ ਗ੍ਰੰਥ ਕੋ ਦਰਸਨ ਕਰਨੇ ਹੇਤ॥ ਚੌ:।ਧੀਰ ਮਲ ਕੇਥਾ ਜੋ ਪਾਸ। ਮਾਂਗ ਭੇਜਯੋ ਸ੍ਰੀ ਗੁਰ ਖਾਸ।

ਭਾਈ ਮੰਨਾ ਸਿੰਘ ਦਾ ਬਿਆਨ।

ਭਾਈ ਨਰਾਇਣ ਸਿੰਘ ਸੇਵਾ ਪੰਥੀ ਦੇ ਰੂਬਰੂ ਲਏ ॥

(੧) ਅਸੀਂ ਐਸ. ਐਸ. ਚਰਨ ਸਿੰਘ ਦੇ ਛਾਪੇ ਖਾਨੇ ਵਿਚ ਛਪ ਰਹੀ ਬੀੜ ਦੀ ਸੁਧਾਈ ਵਾਸਤੇ ਕਰਤਾਰਪੁਰ ਗਏ ਸਿੰਘ ਨਾਲ ਨਾਲ ਦਰਸਨ ਕਰਨ ਗਏ ਸੀ। ਉਸ ਮੌਕੇ ਇਕ ਬਿਰਧ ਸਿੰਘ ਭੀ ਮਹਾਰਾਜ ਦੇ ਦਰਸਨ ਕਰਨ ਆਇਆ ਸੀ। ਉਸਨੇ ਸਾਖੀ ਸੁਣਾਈ ਸੀ ਕਿ ਬਾਬਾ ਦੀਪ ਸਿੰਘ ਜੀ ਆਪਣੀ ਲਿਖੀ ਬੀੜ ਦੀ ਸੁਧਾਈ ਕਰਨ ਆਏ ਸਨ ਸੋਢੀਆਂ ਪਹਿਲੋਂ ਆਗਿਆ ਨਾ ਦਿਤੀ। ਬਾਬਾ ਜੀ ਧਰਨਾ ਮਾਰ ਬੈਠੇ ਤਾਂ ਉਨ੍ਹਾਂ ਸਰਾਪ ਆਦਿ ਤੋਂ ਡਰਦਿਆਂ ਆਗਿਆ ਦੇ ਦਿਤੀ ਸੀ।

(੨) ਇਸ ਤੋਂ ਪਹਿਲਾਂ ਅਸੀਂ 'ਸ਼ਹੀਦ ਬੁੰਗਾ ਬਾਬਾ ਦੀਪ ਸਿੰਘ ਵਿਚ ਗ੍ਰੰਥੀ ਸੀ। ਅਸੀਂ ਸੁਣਿਆ ਸੀ, ਪਈ ਸ੍ਰੀ ਦਰਬਾਰ ਸਾਹਿਬ ਦੇ ਤੋਸ਼ੇ ਖਾਨੇ ਵਿਚ ਵਿਰਾਜਮਾਨ ਆਦਿ ਗ੍ਰੰਥ ਸਾਹਿਬ ਦੀ ਬੀੜ ਬਾਬਾ ਦੀਪ ਸਿੰਘ ਵਲੋਂ ਭੇਜੀ ਹੋਈ ਦਮਦਮੀ ਬੀੜ ਹੈ। ਇਸ ਖਿਆਲ ਨਾਲ ਅਸੀਂ ਭਾਈ ਸੁਖਾ ਸਿੰਘ ਦਾਰੋਗੇ ਦੇ ਸਮੇਂ ਉਸ ਬੀੜ ਦੇ ਦਰਸਨ ਕੀਤੇ ਅਰ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਆਗਿਆ ਨਾਲ ਸਹੀਦ ਬੁੰਗਾ ਬਾਬਾ ਦੀਪ ਸਿੰਘ ਜੀ ਵਿਚ ਪ੍ਰਕਾਸ ਕਰਨ ਹਿੱਤ ਲੈ ਆਏ ਸਾਂ। ਇਸ ਮੌਕੇ ਸ: ਚਰਨ ਸਿੰਘ ਦੇ ਸੋਧਕ ਸਜਨ ਭਾਈ ਆਤਮਾ ਸਿੰਘ ਹੁਰੀ ਸ੍ਰੀ ਕਰਤਾਰਪੁਰ ਗਏ ਤਦ ਅਸੀਂ ਆਪਣੀ ਦਰਸਨ ਅਭਿਲਾਖਾ ਪੂਰਨ ਕਰਨ ਹਿੱਤ ਗ੍ਰੰਥੀ ਦੀ

ਸੇਵਾ ਤੋਂ ਅਸਤੀਫ਼ਾ ਦੇ ਦਿਤਾ। ਅਰ ਬੀੜ ਚਾਰਜ ਲੈਣ ਸਮੇਂ ਭਾਈ ਤਾਰਾ ਸਿੰਘ ਪਿਸ਼ੌਰੀਏ ਨੂੰ ਸੌਂਪ ਦਿਤੀ ਸੀ। ਉਹ ਬੜੇ ਚੰਗੇ ਪਾਠੀ ਸਨ ਉਸ ਤੋਂ ਛੇਤੀ ਹੀ ਬਾਅਦ ਸਾਨੂੰ ਕੁਝ ਸ਼ਬਦਾਂ ਦੇ ਸ਼ੁਧ ਪਾਠ ਦੇਖਣ ਦੀ ਲੋੜ ਪਈ ਤਾਂ ਅਸੀਂ ਮੁੜ ਕੇ ਉਸ ਬੀੜ ਦੇ ਦਰਸ਼ਨ ਕਰਨ ਗਏ। ਜਾਕੇ ਹੈਰਾਨੀ ਹੋਈ ਕਿ ਉਹ ਅਸਲ ਬੀੜ ਉਥੇ ਮੌਜੂਦ ਨਹੀਂ ਸੀ। ਅਰ ਉਸ ਵਕਤ ਭਾਈ ਤਾਰਾ ਸਿੰਘ ਗ੍ਰੰਥੀ ਨੌਕਰੀ ਛਡ ਗਿਆ ਸੀ। ਨਵੇਂ ਗ੍ਰੰਥੀ ਨੂੰ ਚਾਰਜ ਵਿਚ ਉਹ ਬੀੜ ਨਹੀਂ ਸੀ ਮਿਲੀ। ਭਾਈ ਤਾਰਾ ਸਿੰਘ ਪਸ਼ੌਰੀਏ ਨੂੰ ਅਸਾਂ ਤਾਗੀਦ ਕੀਤੀ ਸੀ ਕਿ ਇਹ ਬੀੜ ਖਾਸ ਹੈ। ਇਸਨੂੰ ਸਾਂਭਕੇ ਰਖਣਾ ਅਰ ਤੋਸ਼ੇ ਖਾਨੇ ਦੀ ਇਸ ਥਾਂ ਅਮਾਨਤ ਸਮਝਣਾ ਕਦੇ ਨਾ ਕਦੇ ਇਸ ਬੀੜ ਦੀ ਪੁਛ ਪੜਤਾਲ ਹੋਵੇਗੀ। ਇਸ ਤਰ੍ਹਾਂ ਉਸਨੂੰ ਇਸ ਬੀੜ ਦੀ ਅਹਿਮੀਅਤ ਮਾਲੂਮ ਸੀ। ਸੋ ਸਾਨੂੰ ਸ਼ੱਕ ਹੈ ਕਿ ਉਹ ਬੀੜ ਭਾਈ ਤਾਰਾ ਸਿੰਘ ਨੇ ਹੀ ਗੁੰਮ ਕੀਤੀ ਹੈ।

(੩) ਜੋ ਬੀੜ ਇਸ ਵੇਲੇ ਸੋਨੇ ਦੀ ਜਿਲਦ ਵਾਲੀ ਸ੍ਰੀ ਅਕਾਲ ਤਖਤ ਸਾਹਿਬ ਵਿਰਾਜਮਾਨ ਹੈ। ਇਹ ਸੇਵਾ ਵਾਸਤੇ ਬਾਬਾ ਸ਼ਾਮ ਸਿੰਘ ਦੀ ਧਰਮਸਾਲਾ ਗੋਬਿੰਦ ਸ਼ਾਹ ਸਿੰਘ ਜੀ ਪਾਸ ਆਈ ਸੀ। ਅਰ ਦੋ ਢਾਈ ਸਾਲ ਸੇਵਾ ਹੁੰਦੀ ਰਹੀ। ਉਸ ਮੌਕੇ ਅਸੀਂ ਭੀ ਦਰਸ਼ਨ ਕਰਦੇ ਤੇ ਪਾਠ ਸੁਣਦੇ ਰਹੇ ਸਾਂ। ਇਹ ਬੀੜ ਉਹ ਨਹੀਂ ਜੋ ਬਾਬਾ ਦੀਪ ਸਿੰਘ ਜੀ ਵਾਲੀ ਮੰਨੀ ਜਾਂਦੀ ਸੀ। ਲੇਕਿਨ ਉਸਦੀ ਅਣਹੋਂਦ ਪੂਰੀ ਕਰਨ ਹਿੱਤ ਇਸੇ ਨੂੰ ਉਸ ਦੇ ਥਾਂ ਮੰਨਕੇ ਸਾਂਭ ਰਖਿਆ ਗਿਆ ਤੇ ਸੋਨੇ ਦੀ ਚੋਲੀ ਦੇ ਥਾਂ ਜਿਲਦ ਹੀ ਸੋਨੇ ਦੀ ਬਣਵਾ ਲਈ ਗਈ।

ਇਹ ਬੀੜ ਪਹਿਲੇ ਹੀ ਸ੍ਰੀ ਤਖਤ ਸਾਹਿਬ ਵਿਰਾਜਮਾਨ ਹੈ ਸੀ। ਅਰ ਬਾਬਾ ਜੀ ਵਾਲੀ ਬੀੜ ਵਿਚ ਹੜਤਾਲ ਨਾਲ ਸੈਂਕੜੇ ਥਾਂ ਸੁਧਾਈ ਕੀਤੀ ਹੋਈ ਸੀ।

ਸੰਤ ਮੰਨਾ ਸਿੰਘ ਨੇ ਇਹ ਬਿਆਨ ਮੇਰੇ ਸਾਮ੍ਹਣੇ ਦਿਤਾ ਅਤੇ ਅੰਗੂਠਾ ਭੀ ਮੇਰੇ ਸਾਮਣੇ ਲਾਇਆ। ਸਹੀ ਨਿਸ਼ਾਨ ਅੰਗੂਠਾ ਬਾਬਾ ਮੰਨਾ ਸਿੰਘ ਜੀ

ਨੋਟ : ਇਹ ਬਿਆਨ ਸਾਲ ੧੯੫੯। ਵਿਚ ਦਸੰਬਰ ਦੇ ਆਖਰੀ ਹਫਤੇ ਲਿਖੇ ਗਏ ਸਨ। ਨਿਹੰਗ ਗਿਆਨ ਸਿੰਘ ਜੀ ਨੂੰ ਉਨ੍ਹਾਂ ਦੀ ਮੰਗ ਮੂਜਬ ਇਸ ਦੀ ਨਕਲ ਦਿਤੀ ਗਈ।

ਹਜ਼ੂਰ ਸਾਹਿਬ ਸਚ ਖੰਡ ਵਾਲੀ ਬੀੜ ਦਾ ਉਤਾਰਾ ਹੈ।

ਅਕਾਲ
ਸਹਾਇ ਅਕਾ
ਲ ਬੁੰਗਾ
੧੮ ੩੦

ਸਤਿ ਪੁਰਖ ਕਰਤਾਰ
ਅਬਚਲ ਨਗਰ ਦਰਬਾਰ ਗ੍ਰੰਥ
ਸਾਹਿਬ ਦਰਬਾਰ ਸਹੀ ॥
ਗੁਲਾਮ ਮਿਹਰਬਾਨ ਸਿੰਗ ਸਿੰਦ ਬਾਲਾ ॥

੧ ਓ ਸਤਿਨਾਮੁ ਕਰਤਾ ਪੁਰਖ ਨਿਰਭਉ ਨਿਰਵੈਰੁ
ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ ॥

ਜਪੁਨੀਸਾਣ ॥ ॥ਸੋਦਰੁ ਮਹਲਾ ੧
ਸੁਣਿ ਵਡਾ ਮਹਲਾ ੧ ॥ ਸੋ ਪੁਰਖੁ ਮਹਲਾ ੪ ॥
ਸੋਹਿਲਾ ਮਹਲਾ ੧

ਸਿਰੀ ਰਾਗੁ ੧	ਧਨਾਸਰੀ ੧੦
ਮਾਝ ੨	ਜੈਤਸਰੀ ੧੧
ਗਉੜੀ ੩	ਟੋਡੀ ੧੨
ਆਸਾ ੪	ਬੈਰਾੜੀ ੧੩
ਗੂਜਰੀ ੫	ਤਿਲੰਗ, ੧੪
ਦੇਵਗੰਧਾਰੀ ੬	ਸੂਹੀ, ੧੫
ਬਿਹਾਗੜਾ ੭	ਬਿਲਾਵਲੁ, ੧੬
ਵਡਹੰਸੁ ੮	ਗੋਂਡ, ੧੭
ਸੋਰਠਿ ੯	ਰਾਮ ਕਲੀ, ੧੮
ਨਟ ੧੯	ਸਵਯੇ ਸ੍ਰੀ ਮੁਖਬਾਕ, ੮
ਮਾਲੀ ਗਉੜਾ ੨੦	ਸਵਯੇ ਸ੍ਰੀ ਮੁਖਬਾਕ ੯
ਮਾਰੂ ੨੧	ਸਵਯੇ ਮਹਲੇ ਪਹਿਲੇ ੧੦

ਤੁਖਾਰੀ ੨੨
ਕੇਦਾਰਾ
ਭੈਰਓ
ਬਸੰਤ
ਸਾਰੰਗ
ਮਲਾਰ
ਕਾਨੜਾ
ਕਲਿਆਨ
ਪ੍ਰਭਾਤੀ
ਜੈਜਾਵੰਤੀ
ਸਲੋਕ ਸਹਸਕ੍ਰਿਤੀ
ਸਲੋਕ ਸਹਸਕ੍ਰਿਤੀ
ਗਾਥਾ, ੩੧ ਫੁਨ ਹੇ ।੪
ਚਉਬੋਲੇ ੫
ਸਲੋਕ ਕਬੀਰ ਜੀਉਕੇ ੬
ਸਲੋਕ ਫਰੀਦ ਜੀਉਕੇ ੭

ਸਵਜੇ ਮਹਲੇ ਦੂਜੇ ਕੇ ੧੧
ਸਵਯੇ ਮਹਲੇ ਤੀਜੇਕ ੧੨
ਸਵਯੇ ਮਹਲੇ ਚਉਥੇ ਕੇ ੧੩
ਸਵਯੇ ਮਹਲੇ ਪੰਜਵੇਂ ਕੇ ੧੪
ਸਲੋਕ ਵਾਰਾ ਤੇ ਵਧੀਕ ਮਹਲਾ ੧।੧੫
ਸਲੋਕ ਮਹਲੇ ਤੀਜੇ ਕੇ ੧੬
ਸਲੋਕ ਮਹਲੇ ਚਉਥੇ ਕੇ ੧੭
ਸਲੋਕ ਮਹਲੇ ਪੰਜਵੇਂ ਕੇ ੧੮
ਸਲੋਕ ਮਹਲੇ ਨਉਮੇ ਕੇ ੧੯
ਮੁੰਦਾਵਣੀ ੨੦
ਰਾਗੁ ਮਾਲਾ ੨੧
ਪੰਨਾ ।੧।

ਇਹ ਬੀੜ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਚਖੰਡ ਅਬਚਲ ਨਗਰ ਸ੍ਰੀ ਹਜ਼ੂਰ ਸਾਹਿਬ ਤਖਤ ਤੇ ਬਿਰਾਜਮਾਨ ਹੈ ਏਸ ਬੀੜ ਤੇ ਸੰਮਤ ੧੮੩੦ ਹੈ ਤੇ ਬਾਬਾ ਦੀਪ ਸਿੰਘ ਜੀ ਦੀ ਸ਼ਹੀਦੀ ਸੰਮਤ ੧੮੧੪ ਹੈ। ਬਿਧੀ ਚੰਦ ਵਾਲੀ ਬੀੜ ਵਿਚ ਜਿਨ੍ਹਾਂ ਸਤਾਂ ਸ਼ਬਦਾਂ ਤੇ ਮੰਗਲ ਆਇ ਹਨ। ਕਰਤਾਰਪੁਰ ਵਾਲੀ ਬੀੜ ਵਿਚ ਓਨਾ ਸਤਾਂ ਸ਼ਬਦਾਂ ਤੇ ਮੰਗਲ ਨਹੀਂ ਹਨ। ਬਾਬੇ ਬਿਧੀ ਚੰਦ ਵਾਲੀ ਬੀੜ ਜੋ ਬਿਲਾਵਲੁ ਰਾਗੁ ਤਕ ਹੈ ਏਸ ਤੇ ਸਾਰੇ ਦੇ ਸਾਰੇ ਮੰਗਲ ਹਨ ੧੫੫ ਤੇ ਕਰਤਾਰਪੁਰ ਵਾਲੀ ਬੀੜ ਜੋ ਬਿਲਾਵਲੁ ਰਾਗ ਤਕ ੩੨੧ ਮੰਗਲ ਹਨ । ਜੋ ਦੋਵੇਂ ਬੀੜਾਂ ਦੇ ਸਰੂਪਾਂ ਵਿਚ ਪਾਠਾਂ ਤੇ ਮੰਗਲਾਂ ਦਾ ਬਹੁਤ ਫਰਕ ਹੈ ਬਾਕੀ ਫੇਰ ਕਰਤਾਰਪੁਰ ਵਾਲੀ ਬੀੜ ਦਾ ਤੇ ਬਾਬੇ ਬਿਧੀ ਚੰਦ ਵਾਲੀ ਪੋਥੀ ਦਾ ਮੁਕਾਬਲਾ ਕਰਕੇ ਅਗੇ ਨੋਟ ਕੀਤਾ ਜਾਂਦਾ ਹੈ ਏਨਾਂ ਦੋਵਾਂ ਸਰੂਪਾਂ ਦਾ ਦਰਸ਼ਨ ਕਰੋ ਤੇ ਮਤ ਭੇਦ ਦੇਖਕੇ ਵਿਚਾਰੋ ਤੇ ਦੇਖੋ ਕਿੰਨਾ ਫਰਕ ਹੈ ਆਪਸ ਵਿਚ ਦੋਵਾਂ ਸਰੂਪਾਂ ਦਾ ਅਗੇ ਪੜ੍ਹਕੇ ਦੇਖੋ ਬਾਬੇ ਬਿਧੀ ਚੰਦ ਵਾਲੀ ਪੋਥੀ ਵਿਚ

੧ ਓ ਦੇ ਸਾਰੇ ਮੰਗਲ ੧੫੫ ਹਨ ਬਿਲਾਵਲੁ ਰਾਗ ਤੱਕ। ਕਰਤਾਰਪੁਰ ਵਾਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ੩੨੧ ਮੰਗਲ ਰਾਗੁ ਬਿਲਾਵਲੁ ਵਿੱਚ ਆਉਂਦੇ ਹਨ । ਸੋ ਕਰਤਾਰਪੁਰ ਵਾਲੀ ਬੀੜ ਨਾਲੋਂ ਬਿਧੀ ਚੰਦ ਵਾਲੀ ਬੀੜ ਵਿਚ ੧੬੬ ਇਕ ਸੌ ਛਿਆਠ ਮੰਗਲ ਘਟ ਆਉਂਦੇ ਹਨ ।

ਬਿਧੀ ਚੰਦ ਵਾਲੀ ਪੋਥੀ ਵਿੱਚ ੧ ਓ ਸਤਿਨਾਮੁ ਕਰਤਾਪੁਰਖੁ ਗੁਰ ਪ੍ਰਸਾਦਿ ॥ ਕਿਤੇ ਨਹੀਂ ਆਇਆ ਬਿਲਾਵਲੁ ਰਾਗੁ ਤਕ।

ਤੇ ਕਰਤਾਰਪੁਰ ਵਾਲੀ ਬੀੜ ਵਿੱਚ ਨੌ ਥਾਂ ਇਹ ਮੰਗਲ ਬਿਲਾਵਲੁ ਰਾਗੁ ਤੱਕ ਆਏ ਹਨ। ਬਿਧੀ ਚੰਦ ਵਾਲੀ ਬੀੜ ਵਿੱਚ ਜੋ ਸਿਰੀ ਰਾਗੁ ਵਿੱਚ ਪੰਜਵੇਂ ਮਹਲੇ ਦੇ ਸ਼ਬਦ ਪਹਿਲੇ ਘਰੁ ੧॥੨੪॥ ਸ਼ਬਦ ਇਕਠੇ ਹਨ। ਆਖਰੀ ਤੇ ਘਰੁ ੭ਵੇਂ ਦਾ ਇਕੋ ਹੈ।

ਤੇ ਕਰਤਾਰਪੁਰੀ ਬੀੜ ਵਿੱਚ ਘਰੁ ੭॥ ਦਾ ਇਕ ਸ਼ਬਦ ਆ ਕੇ ਫੇਰ ਪਹਿਲੇ ਘਰੁ ੧ ॥ ਦੇ ਤਿੰਨ ਸ਼ਬਦ ਆਉਂਦੇ ਹਨ।

ਬਿਧੀ ਚੰਦ ਵਾਲੀ ਬੀੜ ਵਿੱਚ ਕਬੀਰ ਜੀ ਦੇ ਦੋਵੇਂ ਸ਼ਬਦ ਪਹਿਲੇ ਆਉਂਦੇ ਹਨ ਇਕਠੇ ਫੇਰ ਤ੍ਰਿਲੋਚਨ ਜੀ ਦਾ ਆਉਂਦਾ ਹੈ।

ਤੇ ਕਰਤਾਰਪੁਰੀ ਬੀੜ ਵਿੱਚ ਪਹਿਲੇ ਇਕ ਸ਼ਬਦ ਕਬੀਰ ਜੀ ਦਾ ਆਉਂਦਾ ਹੈ ਦੂਜਾ ਸ਼ਬਦ ਤ੍ਰਿਲੋਚਨ ਜੀ ਦਾ ਹੈ ਫੇਰ ਕਬੀਰ ਜੀ ਦਾ ਸਬਦ ਤੀਜੇ ਥਾਂ ਆਉਂਦਾ ਹੈ। ਸਿਰੀ ਰਾਗੁ ਵਿੱਚ ਬਾਣੀ ਬੇ ਮਿਸਲ ਹੈ। ਹੁਣ ਤਾਂ ਸਾਰੇ ਸੰਸਾਰ ਤੇ ਬੰਨੋ ਜੀ ਵਾਲੀ ਬੀੜ ਦਾ ਪਸਾਰਾ ਬਹੁਤ ਫੈਲਿਆ ਹੈ।

ਸ੍ਰੀ ਗੁਰੂ ਅਰਜਨ ਦੇਵ ਜੀ ਵਾਲੀ ਬੀੜ ਦਾ ਸਰੂਪ ਜੋ ਲਿਖਤ ਹੈ। ਓਸ ਦੀ ਖੋਜ ਪੜਤਾਲ ਕੀਤਿਆਂ ਕਿਤੇ ਕਿਤੇ ਦਰਸ਼ਨ ਵਿਰਲੇ ਹੁੰਦੇ ਹਨ। ਬਾਕੀ ਭਾਈ ਬੰਨੋ ਜੀ ਵਾਲੀ ਬੀੜ ਦੇ ਉਤਾਰੇ ਲਿਖਤਾਂ ਤੇ ਟੈਪ ਦੀਆਂ ਬੀੜਾਂ ਛਪ ਕੇ ਬਹੁਤ ਪ੍ਰਕਾਸ਼ ਹੋ ਚੁਕਾ ਹੈ। ਅਗੇ ਗੁਰਬਿਲਾਸ ੬ ਪਾਤਸ਼ਾਹ ਜੀ ਦੇ ਵਿਚ ਇਹ ਪ੍ਰਸੰਗ ਲਿਖੇ ਹਨ ਜੋ ਦੇਖ ਕੇ ਦੋਵਾਂ ਬੀੜਾਂ ਦਾ ਨਿਰਣਾ ਕੀਤਾ ਹੈ।

ਦੋਹਰਾ ॥ ਬਿਧੀ ਚੰਦ, ਕਰ ਜੋਰ ਕੈ ਠਾਡੋ ਗੁਰ ਸਮੁਹਾਇ ॥
ਗਰ ਅੰਚਰ ਅਤਦੀਨ ਹੁਵੈ ਤ੍ਰਾਹਿ ਤ੍ਰਾਹਿ ਮੁਖ ਗਾਇ ॥
ਚੌ: ਸਤਿਗੁਰ ਦੇਖ ਰਿਦੇ ਮੁਸਕਾਇ ॥ ਸ੍ਰੀ ਮੁਖ ਐਸੇ ਬਚਨ ਅਲਾਇ ॥
ਬਿਧੀ ਚੰਦ ਕਿਆ ਮਨ ਮੈ ਆਈ ॥ ਭਾਖੋ ਤੁਰਤ ਨ ਦੇਰ ਸੁਹਾਈ ॥

ਬਿਧੀ ਚੰਦ ਵਾਚ ॥

ਹੇ ਪ੍ਰਭ ਸਰਨ ਪਰੇ ਰਖ ਲਾਜਾ ॥ ਤੁਮਰੋ ਨਾਮ ਗਰੀਬ ਨਿਵਾਜਾ ॥
ਮੇਰੇ ਮਨ ਇਹ ਰੁਚ ਉਪਜਾਈ ॥ ਹੋਵੈ ਜੋ ਸਭ ਕੇ ਮਨ ਭਾਈ ॥
ਦੋ: ਭਾਈ ਬੰਨੋ ਜੀ ਕੀਯੋ ਸ੍ਰੀ ਗੁਰੂ ਗ੍ਰੰਥ ਉਤਾਰੁ ॥
ਨਿਜ ਮਾਂਗਟ ਵਾਸੀ ਗਯੋ ਮਨ ਮੈਂ ਅਨੰਦ ਧਾਰੁ ॥

ਦੋ:। ਗੁਰੂ ਗ੍ਰੰਥ ਅਬ ਏਕ ਹੈ ਸੰਗਤ ਹੈਤ ਉਧਾਰਿ ॥
ਹੇ ਪ੍ਰਭ ਜੇ ਆਇਸ ਕਰੋ ਕੀਜੈ ਦੂਤੀ ਉਤਾਰ ॥
ਚੌ: ਭਗਤ ਸਿੰਘ ਗੁਰ ਮੋਨ ਧਰਾਏ ॥ ਬਿਧੀ ਚੰਦ ਪੁਨ ਬਿਨਤ ਕਰਾਇ ॥
ਤੀਨ ਬੇਰ ਜਬ ਬਿਨੀ ਉਚਾਰੀ ॥ ਭਗਤਵਸ਼ ਦਿਖ ਪਰ ਉਪਕਾਰੀ ॥
ਸ੍ਰੀ ਮੁਖਿ ਕਹਾ ਭਾਇ ਜੋ ਤੋਕੋ ॥ ਕੀਜੈ ਸੋਇ ਭਾਖ ਕਿਆ ਮੋਕੋ ॥
ਪੂਰਨ ਹੋਇ ਵਿਥਾਰੇ ਨਾਹੀ ॥ ਵਿਘਨ ਹੋਇ ਜਾਹਿਕੇ ਮਾਹੀ ॥
ਦੋ:॥ ਬਿਧੀ ਚੰਦ ਕਰ ਬਾਤ ਸੋ ਜੋ ਤੁਮਰੇ ਮਨ ਭਾਏ ॥
ਸੁਨਤ ਐਸ ਮਨ ਹਰਖ ਕੈ ਪਦ ਪੰਕਜ ਲਪਟਾਇ ॥
ਚੌ:ਪ੍ਰਭ ਕੀ ਬਾਤ ਗੰਭੀਰ ਨ ਜਾਨੀ ॥ ਯਦਪ ਬਿਧੀ ਚੰਦ ਬਡ ਗਜਾਨੀ ॥
ਤਤ ਛਿੰਨ ਕਾਗਜ ਲੀਏ ਮੰਗਾਇ॥ ਰਚ ਸੈਂਚੀ ਮਨ ਮਹਿ ਸੁਖ ਪਾਇ ॥
ਲਿਖਨ ਹੇਤ ਤਬ ਲਾਇ ਲਿਖਾਰੀ ॥ ਭਗਤ ਹੇਤ ਸੂਚਨ ਗਥਸਾਰੀ ॥
ਅਉਰ ਚਰਤ ਗੁਰ ਜਾਨ ਅਪਾਰਾ ॥ ਜਾ ਕੇ ਕਥਤ ਨ ਪਰੇ ਸੁਮਾਰਾ ॥
ਜਾਨ ਭਾਈ ਗੁਰ ਹੋਇ ਸਵਾਰਾ ॥ ਬਿਧੀ ਚੰਦ ਪ੍ਰਤ ਬੈਨ ਉਚਾਰਾ ॥
ਕੀਰਤਪੁਰ ਕੀ ਓਰ ਪਯਾਨਾ ॥ ਅਬ ਮੈ ਕਰੋ ਜਾਨ ਮਤਮਾਨਾ ॥
ਤੁਮ ਹਮਾਰੇ ਅਬ ਧਾਮ ਪਧਾਰ ॥ ਕੀਜੋ ਸਭ ਪਰਵਾਰ ਤਯਾਰ ॥
ਸੀਘਰ ਆਇ ਨ ਲਾਇ ਅਵਾਰ ॥ ਕਛੂ ਦਰਬ ਕੋ ਲੋਭ ਨ ਧਾਰ ॥
ਦੋ:॥ ਤੋਹਿ ਉਡੀਕਤ ਗੰਗਸ ਰਹਮ ਤਿਹ ਦਰਸਨ ਠਾਨ ॥
ਕਰ ਆਇਸ ਇਹ ਭਾਂਤ ਕੀ ਚਾਲੇ ਕ੍ਰਿਪਾ ਨਿਧਾਨ ॥
ਚੌ:। ਬਿਧੀ ਚੰਦ ਗੁਰ ਮਹਿਲੀ ਜਾਇ ॥ ਰਥ ਬਹਿਲ ਬਹੁ ਸਾਜ ਤਦਾਇ ॥
ਬਿਧੀ ਏ ਸਭ ਕੋ ਦਈ ਸੁਨਾਇ ॥ ਗੁਰ ਆਇਸ ਨਹਿ ਦੇਰ ਸੁਹਾਇ ॥
ਸੁਨਤ ਸਭੀ ਭੇ ਤਯਾਰ ਤਦਾ ਏ ॥ ਧਾਰ ਭੇਟ ਥੰਮ ਜੀ ਦਰਸਾਏ ॥
ਬਾਬੇ ਚਢ ਰਥ ਅਨੰਦ ਧਰਾਯੋ ॥ ਹਰੀ ਰਾਇ ਕੋ ਸਾਥ ਬਹਾਯੋ ॥
ਕਛੂ ਦਰਬ ਨਿਜ ਸੰਗ ਨ ਲੀਨੋ ॥ ਸ੍ਰੀ ਗੁਰ ਓਰ ਪਯਾਨਾ ਕੀਨੋ ॥
ਧੀਰ ਮਲ ਰਹਾ ਸਦਨ ਮਝਾਰਾ ॥ ਸਜ ਪੋਤ ਧਰ ਹਰਖ ਸੰਭਾਰਾ ॥
ਦੋ:॥ ਧੀਰ ਮਲ ਬਹੁ ਬਿਨਤ ਕੈ ਨਿਜ ਮਾਤਾ ਕੋ ਰਾਖ ॥
ਤਿਹ ਢਿਗ ਨਤੀ ਰਹਿਤ ਭੀ ਧਰ ਪੁਤ੍ਰ ਅਭਲਾਖ ॥
ਚੌ: ਸ੍ਰੀ ਗੁਰੂ ਗ੍ਰੰਥ ਧੀਰਮਲ ਰਾਖਾ ॥ ਮਾਂਗ ਬਿਧੀ ਸਸਧਰ ਅਭਲਾਖਾ ॥

ਤਿਨੇ ਨ ਦੀਨੋ ਦੀਜੋ ਉਤਾਰਾ ॥ ਬਿਧੀ ਚੰਦ ਜੋ ਬਯੋਤ ਸਵਾਰਾ ॥
ਰਹਾ ਮਾਝ ਨਹਿ ਪੂਰਨ ਹੋਯੋ ॥ ਭਗਤ ਸਿੰਘ ਗੁਰ ਕਾ ਬਚ ਜੋਯੋ ॥
ਬਿਲਾਵਲੁ ਰਾਗ ਭੋਗ ਤਹਿ ਜਾਨੋ ॥ ਭਗਤ ਸਿੰਘ ਇਹਾ ਬਿਦ ਪ੍ਰਮਾਨੋ ॥
ਦੋ: ॥ ਭੂਪਸੁਤਾਕੇ ਕਾਰਨੇ ਭਯਾ ਭੇਖਸਸਜਾਨ॥ਦਜਾ ਸਿੰਧਇਹ ਰਹਾਤਾਹ ਭੋਗ ਪਹਿਚਾਨ॥
ਚੌ:। ਲੀਏ ਸੈਂਚੀਆ ਕੀਓ ਪਯਾਨਾ॥ ਸਾਥ ਪਰਵਾਰ ਹਰਖ ਧਰ ਨਾਨਾ ॥
ਜਾਇ ਗੰਗਸਰ ਦਰਸਨ ਕੀਓ ॥ ਗੁਰ ਦਰਸਨ ਕਰ ਅਨੰਦ ਲੀਓ ॥
ਸ੍ਰੀ ਗੁਰ ਸਭ. ਕੀ ਕਰੀ ਸੰਭਾਰਾ ॥ ਬਿਧੀ ਚੰਦ ਅਸਬੈਨ ਉਚਾਰਾ ॥
ਧੀਰ ਮਲ ਪ੍ਰਭ ਸਦਨ ਰਹਾਯੋ ॥ ਨਿਜ ਮਾਤਾ ਯੁਤ ਸੋ ਨਹਿਯੋ ਆਇ ॥
ਦੋ: ਅਉਰ ਸਕਲ ਆਏ ਪ੍ਰਭੂ ਸ੍ਰੀ ਮੁਖ ਸੁਨ ਮੁਸਕਾਇ ॥
ਪ੍ਰਿਥੀ ਚੰਦ ਅਵਤਾਰ ਲਖ ਕਪਟ ਪੂਰ ਬਹੁ ਭਾਇ ॥
ਚੌ:। ਸੋਰਹਿ ਸੈ ਸੰਮਤ ਪਰਕਾਸਾ ॥ ਅਉਰ ਬਾਨਵੇ ਅਸੁ ਮਾਸਾ ॥
ਦੋ:॥ ਗਏ ਸਪਤ ਦਿਨ ਮਾਸਕੇ ਦਸਮੀ ਸੁਦੀ ਪਛਾਨੁ ॥
ਜੋਤੀ ਜੋਤ ਸਮਾਇ ਤਬ ਬਾਬਾ ਜੀ ਸੁਖਮਾਨ ॥
ਚੋ:॥ ਸ੍ਰੀ ਗੁਰੂ ਦਾਸ ਬੁਲਾਇ ਕੈ ਐਸੇ ਕਹਾ ਸੁਨਾਇ ॥
ਧੀਰ ਮਲ ਢਿਗ ਜਾਇ ਤੁਮ ਤਤ ਛਿੰਨ ਦੇਰ ਨ ਲਾਇ ॥
ਰੈਨ ਦਿਨਾ ਚਲ ਪੰਥ ਮੈ ਜਾਵਹੁ ਪੁਰ ਕਰਤਾਰ ॥
ਧੀਰ ਮਲ ਯੁਤ ਮਾਤ ਕੋ ਪੁਨ ਗੁਰ ਗ੍ਰੰਥ ਸੁਧਾਰ ॥
ਚੌ: ॥ ਬਾਬੇ ਮ੍ਰਿਤ ਤਾਹਿ ਕਹਦੀਜੈ ॥ ਇਹਨਾਂ ਆਇ ਸੋਕ ਮਤ ਕੀਜੈ ॥
ਦੋਇ ਘਰੀ ਦਿਨ ਤਬੈ ਰਹਾਯੋ ॥ ਕਰ ਬੰਦਨ ਸੋ ਦਾਸ ਸਿਧਾਯੋ ॥
ਸਗਰੀ ਨਿਸਅਹਿ ਪੁਨ ਨਿਸ ਚਾਲਾ ॥ ਪਹੁੰਚਿਉ ਪੁਰ ਕਰਤਾਰ ਬਿਹਾਲਾ ॥
ਧੀਰ ਮਲ ਕੋ ਬੰਧਨ ਧਾਰੀ ॥ ਭਾਖੇ ਜੋ ਕਹੈ ਬੈਨ ਮੁਰਾਰੀ ॥
ਬਾਬਾ ਜੀ ਨਿਜ ਰੂਪ ਸਮਾਯੋ ॥ ਤੋ ਕੋ ਸ੍ਰੀ ਗੁਰ ਐਸ ਅਲਾਯੋ ॥
ਨਿਜ ਮਾਤਾ ਤਾਹਿ ਇਹ ਠਾਂ ਆਵੋ ॥ ਸ੍ਰੀ ਗੁਰ ਗ੍ਰੰਥ ਪਾਠ ਹਿਤ ਲਿਆਵੋ ॥
ਧੀਰ ਮਲ ਕਹੈ ਮੋਹਿ ਨਾ ਕਾਜਾ। ਤਜੋ ਧਾਮ ਲਾਗਤ ਮਮਲਾਜਾ ॥
ਸ੍ਰੀ ਗੁਰ ਗ੍ਰੰਥ ਤਾਹਿ ਨਹਿ ਦੇਵੋ । ਇਹ ਕੈ ਬਲ ਗੁਰਿਆਈ ਲੇਵੋ ॥
ਦੋ:। ਕਹਾ ਦਾਸ ਧਨ ਧਾਮ ਜੋ ਅੰਤ ਨ ਚਾਲਤ ਸਾਥ ॥
ਪ੍ਰਭ ਕੇ ਨਿਕਟ ਨ ਜਾਤ ਤੁਮ ਗੁਰ ਦੀਨਾ ਨਾਥ ॥

ਚੌ:। ਧੀਰ ਮਲ ਪੁਨ ਬੈਨ ਉਚਾਰੇ ॥ ਦੀਨਾ ਨਾਥ ਝੂਠ ਬਚ ਸਾਰੇ ॥
ਗਯੋ ਭਾਜ ਧਨਧਾਮ ਤਜਾਇ ॥ ਬਾਦਸਾਹ ਕੋ ਭੈ ਉਪਜਾਇ ॥
ਮੋਰੀ ਸੁਲਾਸਾਹੁ ਕੇ ਸੰਗਾ ॥ ਜੇ ਤਹਿ ਜਾਉ ਹੋਇ ਪੁਨ ਜੰਗਾ ॥
ਲੂਟੇ ਸਭ ਧਨ ਧਾਮ ਤੁਮਾਰੇ ॥ ਤਾਤੇ ਜਾ ਉਨ ਗੁਰ ਨਿਕਟਾਰੇ ॥
ਪੁਨਾ ਦਾਸ ਨੱਤੀ ਢਿਗ ਗਯੋ ॥ ਸਭ ਪ੍ਰਸੰਗ ਤਿਹ ਭਾਖਤ ਭਯੋ ॥
ਪਤੀ ਕੀ ਮ੍ਰਿਤ ਸੁਨਤ ਬਿਸਮਾਈ ॥ ਤਤ ਛਿੰਨ ਧੀਰਮਲ ਪਹਿਆਈ ॥
ਹੇ ਸੁਤ ਤੁਮ ਪਿਤ ਸੁਰਗ ਸਿਧਾਯੋ ॥ ਤੁਝ ਲੇਵਨ ਹਿਤ ਦਾਸ ਪਠਾਯੋ ॥
ਚਲੋ ਪਿਤਾ ਕੀ ਕ੍ਰਿਤ ਸਵਾਰੋ ॥ ਤੁਮ ਸੁਤ ਜੇਸਟ ਦੇਰ ਨਾ ਧਾਰੋ ॥
ਦੋ:। ਧੀਰ ਮਲ ਕਹੈ ਮਾਤ ਕੋ ਹਮਰੋ ਸਾਕ ਨ ਕੋਇ ॥
ਚਲੋ ਨ ਸਦਨ ਤਿਆਗ ਮੈ ਜਾਹੁ ਇਛ ਤੁਮ ਹੋਇ ॥
ਚੌ:॥ ਸੁਨਤ ਬੈਨ ਨੱਤੀ ਬਿਸਮਾਈ ॥ ਦਾਸ ਸੰਗ ਚੜਕੈ ਰਥ ਧਾਈ ॥
ਰੈਨ ਦਿਨਾ ਚਲ ਪਹੁਚੇ ਤਹਾਂ ॥ ਕੀਰਤਪੁਰ ਸ੍ਰੀ ਗੁਰ ਥੇ ਜਹਾਂ ॥
ਰੁਦਨਾਵ ਨੱਤੀ ਗ੍ਰਹਿ ਜਾਈ ॥ ਦੋਊ ਸਾਸ ਕੋ ਤਬੈ ਮਿਲਾਈ ॥
ਸ੍ਰੀ ਗੁਰ ਲੀਏ ਰਾਇ ਹਰਿਸੰਗਾ ॥ ਬਾਬੇ ਕੇ ਚੁਨ ਪੁਸਪ ਉਮੰਗਾ ॥
ਜਾਇ ਦਾਸ ਤਬ ਬੰਦਨ ਧਾਰੀ ॥ ਧੀਰ ਮਲ ਨਹੀਂ ਅਯੋ ਮੁਰਾਰੀ ॥
ਸ੍ਰੀ ਗੁਰ ਗ੍ਰੰਥ ਦੀਓ ਨਹਿਮਾਨੀ ॥ ਕਠਨ ਬੈਨ ਕਹੈ ਘਨੇ ਗੁਮਾਨੀ ॥
ਨੱਤੀ ਕਹੈ ਨ ਮਾਨੈ ਬੈਨਾ ॥ ਕ੍ਰੋਧ ਪੂਰ ਪਿਖ ਆਗੇ ਨੈਨਾ ॥
ਹੇ ਪ੍ਰਭ ਨਤੀ ਏਹ ਠਾਂ ਆਈ ॥ ਕਹਾ ਗੁਰੂ ਵਹੁ ਕਪਟੀ ਭਾਈ ॥
ਦੋ:। ਚੁਨੇ ਪੁਸਪ ਗੁਰ ਹਰਖ ਸੋ ਗੰਗਾ ਦੀਏ ਪਠਾਇ ॥
ਬਿਧੀ ਚੰਦ ਲਿਖ ਸੈਂਚੀਆ ਤਾਕੋ ਪਾਠ ਕਰਾਇ ॥
ਚੌ:॥ ਦੂਜਾ ਸਿੰਧ ਪੁਨ ਦਾਸ ਬੁਲਾਏ ॥ ਐਸੇ ਕਹੈ ਸਭ ਹੀ ਸਮਝਾਇ ॥

ਗੁਰ ਬਿਲਾਸ ਦਾ ਸੰਮਤ ।੧੭੭੫। ਬਿ:

ਦੋਹਰਾ ॥ ਸਤ੍ਰਾ ਸੈ ਬੀਤੇ ਤਬੈ ਬਰਖ ਪੱਚਤਰ ਜਾਨ ॥
ਸਾਵਨ ਮਾਸ ਬਈਸ ਦਿਨ ਗਯੋ ਸੁਖਦ ਪਹਿਚਾਨ ॥
ਚੌ:। ਸੁਦੀ ਪਖਥਿਤ ਪੰਚਮੀ ਸ੍ਰੀ ਗੁਰ ਕੇ ਪ੍ਰਸਾਦਿ ॥
ਪਾਇ ਭੋਗ ਗੁਰ ਗਾਥ ਕੋ ਕਰ ਕਵੱਤਾ ਅਹਿਲਾਦ ॥

(੧੦ ਗੁਰੂ ਜੀ ਤੋਂ ੧੦ ਸਾਲ ਬਾਦ ਦੀ ਗੁਰਬਿਲਾਸ ਦੀ ਰਚਨਾ ਹੈ)

ਅਗੇ ਕਰਤਾਰਪੁਰ ਵਾਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਨਾਲ ਤੇ ਬੰਨੋ ਜੀ ਦੇ ਉਤਾਰੇ ਕੀਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਨਾਲ ਏਨਾ ਦੋਵਾਂ ਸ੍ਰੀ ਗੁਰੂ ਗ੍ਰੰਥਾਂ ਦਾ ਆਪਸ ਵਿਚ ਮੰਗਲਾਂ ਦਾ ਮੁਕਾਬਲਾ ਕਰਕੇ ਦੇਖਿਆ ਹੈ ਇਹ ਆਪਸ ਵਿਚ ਸਹਮਤ ਨਹੀਂ ਹਨ ਏਨਾਂ ਦਾ ਆਪਸ ਵਿਚ ਮਤਿ ਭੇਦ ਬਹੁਤ ਹੈ ਦੇਖੋ ਤੇ ਵਿਚਾਰੋ ਤੇ ਦਸਨ ਦੀ ਕ੍ਰਿਪਲਤਾ ਕਰੋ ਅਸੀਂ ਆਪ ਜੀ ਦੇ ਧਨਵਾਦੀ ਹੋਵਾਂਗੇ ॥

ਆਦਿ ਬੀੜ	ਬੀੜ ਭਾਈ ਬੰਨੋ ਜੀ
ਸੋਦਰੁ ਰਾਗੁ ਆਸਾ ਮਹਲਾ ੧ ੴ ਸਤਿਗੁਰ ਪ੍ਰਸਾਦਿ ਸੋਦਰੁ ਤੇਰਾ ਕੇਹਾ	ਰਾਗੁ ਆਸਾ ਮਹਲਾ ੧ ੴ ਸੋਦਰੁ ਸੋਦਰੁ ॥ ਤੇਰਾ ਕੇਹਾ
ਸੋਹਿਲਾ ਰਾਗੁ ਗਉੜੀ ਦੀਪਕੀ ੧ ੴ ਮਹਲਾ ੧ । ਜੈ ਘਰ ਕੀਰਤਿ	ਸੋਹਿਲਾ ਰਾਗੁ ਗਉੜੀ ਦੀਪਕੀ ਮਹਲਾ ੧ ੴ ਜੈ ਘਰਿ ਕੀਰਤਿ
ੴ ਸਤਿ ਗੁਰ ਪ੍ਰਸਾਦਿ ਰਾਗੁ ਸਿਰੀ ਰਾਗੁ ਮਹਲਾ ਪਹਿਲਾ ੧ ਘਰੁ ੧ ਸੋਤੀਤ ਮੰਦਰ	ਰਾਗੁ ਸਿਰੀ ਰਾਗੁ ਮਹਲਾ ੧ ਘਰੁ ੧ ੴ ਸਤਿਗੁਰ ਪ੍ਰਸਾਦਿ ਸੋਤੀਤ ਮੰਦਰ ੴ ਸਤਿਗੁਰ ਪ੍ਰਸਾਦਿ ਸਿਰੀ ਰਾਗੁ ਮਹਲਾ ੪ ਘਰੁ ੧ ॥ ਮੈਮਨਿ ਤਨਿ ੴ ਸਤਿਗੁਰ ਪ੍ਰਸਾਦਿ ॥ ਸਿਰੀ ਰਾਗੁ ਮਹਲਾ ੫ ਕਿਆ
ੴ ਸਤਿਗੁਰ ਪ੍ਰਸਾਦਿ ਸਿਰੀ ਰਾਗੁ ਮਹਲਾ ੧ ਘਰੁ ੧ ਅਸਟਪਦੀਆ ॥ ਆਖਿ ਆਖਿ	ਸਿਰੀ ਰਾਗੁ ਮਹਲਾ ੧ ੴ ਸਤਿਗੁਰ ਪ੍ਰਸਾਦਿ ਅਸਟ ਪਦੀਆ ਘਰੁ ੧ ॥ ਆਖਿ ਆਖਿ
ਸਿਰੀ ਰਾਗੁ ਮਹਲਾ ੩ ਘਰੁ ੧ ੴ ਸਤਿਗੁਰ ਪ੍ਰਸਾਦਿ ਅਸਟਪਦੀਆ ॥ ਗੁਰਮੁਖਿ	ੴ ਸਤਿਗੁਰ ਪ੍ਰਸਾਦਿ ॥ ਸਿਰੀ ਰਾਗੁ ਮਹਲਾ ੫ ਜਾ ਕਉ
ੴ ਸਤਿਗੁਰ ਪ੍ਰਸਾਦਿ ਸਿਰੀ ਰਾਗੁ ਮਹਲਾ ੧ ਘਰੁ ੫ ॥ ਜੋਗ ਅੰਦਰਿ ਜੋਗੀਆ ।	ਸਿਰੀ ਰਾਗੁ ਮਹਲਾ ੧ ਘਰੁ ੩ ੴ ਸਤਿਗੁਰ ਪ੍ਰਸਾਦਿ ਜੋਗੀ ਅੰਦਰਿ
ੴ ਸਤਿਗਰ ਪ੍ਰਸਾਦਿ ਸਿਰੀ ਰਾਗੁ ਪਹਰੇ ਮਹਲਾ ੧ ਘਰੁ ੧ ॥ ਪਹਿਲੈ ਪਹਰੈ	ਸਿਰੀ ਰਾਗੁ ਮਹਲਾ ੧ ਪਹਰੇ ਘਰੁ ੧ ੴ ਸਤਿਗੁਰ ਪ੍ਰਸਾਦਿ ਪਹਲੇ ਪਹਰੇ

੧ਓ ਸਤਿਗੁਰ ਪ੍ਰਸਾਦਿ ਸਿਰੀ ਰਾਗੁ ਮਹਲਾ ੪ ਘਰੁ ੨ ਛੰਤ ॥ ਮੁੰਧ ਇਆਣੀ	ਸਿਰੀ ਰਾਗੁ ਮਹਲਾ ੪ ਘਰੁ ੨ ਛੰਤ ੧ਓ ਸਤਿਗੁਰ ਪ੍ਰਸਾਦਿ ਮੁੰਧ ਇਆਣੀ
ਸਿਰੀ ਰਾਗੁ ਮਹਲਾ ੫ ਛੰਤ ੨ ੧ਓ ਸਤਿਗੁਰ ਪ੍ਰਸਾਦਿ ਮਨ ਪਿਆਰਿਆ	੧ਓ ਸਤਿਗੁਰ ਪ੍ਰਸਾਦਿ ॥ ਸਿਰੀ ਰਾਗੁ ਮਹਲਾ ੫ ਛੰਤ ॥ ਮਨ ਪਿਆਰਿਆ
ਸਿਰੀ ਰਾਗੁ ਮਹਲਾ ੪ ਵਣਜਾਰਾ ੧ ੧ਓ ਸਤਿਗੁਰ ਪ੍ਰਸਾਦਿ ਹਰਿ ਹਰਿ ਉਤਮ	੧ਓ ਸਤਿਗੁਰ ਪ੍ਰਸਾਦਿ ਸਿਰੀ ਰਾਗੁ ਮਹਲਾ ੪ ਵਣਜਾਰਾ ॥ ਹਰਿ ਹਰਿ ਉਤਮ
੧ਓ ਸਤਿਗੁਰ ਪ੍ਰਸਾਦਿ ਸਿਰੀ ਰਾਗੁ ਕੀ ਵਾਰ ਮਹਲਾ ੪ ਸਲੋਕ ਨਾਲਿ ॥ ਸਲੋਕ ਮ: ੧ । ਰਾਗਾ	ਸਿਰੀ ਰਾਗੁ ਕੀ ਵਾਰ ਸਲੋਕਾ ਨਾਲਿ ਮਹਲਾ ੪ ੧ਓ ਸਤਿਗੁਰ ਪ੍ਰਸਾਦਿ ॥ ਸਲੋਕ ਮ: ੧ ।। ਰਾਗ ਵਿਚ
੧ਓ ਸਤਿਗੁਰ ਪ੍ਰਸਾਦਿ ਸਿਰੀ ਰਾਗੁ ਕਬੀਰ ਜੀਉ ਕਾ ਏਕੁ ਸੁਆਨ ਕੈਘਰਿ ਗਾਵਣਾ ਜਨਨੀ ਜਾਤ ॥	ਸਿਰੀ ਰਾਗੁ ਕਬੀਰ ਜੀਉ ਕਾ ਏਕੁ ੧ਓ ਸਤਿਗੁਰੂ ਪ੍ਰਸਾਦਿ ਏਕੁ ਸੁਆਨ ਕੈ ਘਰਿ ਗਾਵਣਾ ॥ ਜਨਨੀ ਜਾਨਤ
ਸਿਰੀ ਰਾਗੁ ਬਾਣੀ ਬੇਣੀ ਜੀੁ ਕੀ ੧ਓ ਸਤਿਗੁਰ ਪ੍ਰਸਾਦਿ ਪਹਰਿਆ ਕੈ ਘੁਰਿ ਗਾਵਣਾ ॥ ਰੇ ਨਰ ਗਰਭ	੧ਓ ਸਤਿਗੁਰ ਪ੍ਰਸਾਦਿ ਸਿਰੀ ਰਾਗੁ ਬਾਣੀ ਭਗਤ ਬੇਣੀ ਜੀਉਕੀ ਪਹਰਿਆ ਕੈ ਘਰਿ ਗਾਵਣਾ ॥ ਰੇ ਨਰ ਗਰਭ ਕੁੰਡਲ
ਰਾਗੁ ਮਾਝ ਚਉਪਦੇ ਘਰੁ ੧ ੧ਓ ਸਤਿਨਾਮ ਮੁਹਲਾ ੪ ਅਕਾਲ ਮੂਰਤਿ ਹਰਿ ਹਰਿ ਨਾਮ	ਰਾਗੁ ਮਾਝ ਚਉਪਦੇ ਘਰੁ ੧ ਮਹਲਾ ੪ ੧ਓ ਸਤਿਨਾਮੁ ਅਕਾਲ ਮੂਰਤਿ ਹਰਿ ਹਰਿ ਨਾਮੁ
ਰਾਗੁ ਮਾਝ ਅਸਟ ੧ਓ ਸਤਿਗੁਰ ਪ੍ਰਸਾਦਿ ਪਦੀਆ ਮਹਲਾ ੧ ਘਰੁ ੧ ॥ ਸਬਦ ਰੰਗਾਇ	ਰਾਗੁ ਮਾਝ ਅਸਟ ਪਦੀਆ ੧ਓ ਸਤਿਗੁਰ ਪ੍ਰਸਾਦਿ । ਮਹਲਾ ੧ ਘਰੁ ੧ ॥ ਸਬਦ ਰੰਗਾਇ
ਮਾਝ ਮਹਲਾ ੫ ਦਿਨ ਰੈਣ ॥ ੧ਓ ਸਤਿਗੁਰ ਪ੍ਰਸਾਦਿ । ਸੇਵੀ ਸਤਿਗੁਰ	੧ਓ ਸਤਿਗੁਰ ਪ੍ਰਸਾਦਿ ॥ ਮਾਝ ਮਹਲਾ ੫ ਦਿਨ ਰੈਣ । ਸੇਵੀ ਸਤਿਗੁਰ
ਵਾਰ ਮਾਝਕੀ ਤਥਾ ਸਲੋਕ ਮਹਲਾ ੧ ੧ਓ ਸਤਿ ਨਾਮੁ ਮਲਕ ਮਰੀਦ ਤਥਾ ਚੰਦਰ ਹੜਾ ਸੋਹੀਆ ਕੀ ਧੁਨਿ ਗਾਵਣੀ ਸਲੋਕ ਮ: ੧ ॥ ਗੁਰਦਾਤਾ	ਵਾਰ ਮਾਝਕੀ ਤਥਾ ਸਲੋਕ ਮਹਲਾ੧। ਮਲਕ ੧ਓ ਸਤਿਨਾਮੁ ਮੁਰੀਦ ਤਥਾ ਚੰਦ੍ਰਹੜਾ ਸੋਹੀਆ ਕੀ ਧੁਨਿ ਗਾਵਣੀ ਸਲੋਕ ਮ: ੧ ॥ ਗੁਰਦਾਤਾ

ਰਾਗੁ ਗਉੜੀ ਗੁਆਰੇਰੀ ੧ੴ ਸਤਿਨਾਮੁ ਮਹਲਾ ੧ ਚਉਪਦੇ ਦੁਪਦੇ ਅਕਾਲ ਮੂਰਤਿ ਭਉ ਮੁਚ ਭਾਰਾ	ਰਾਗੁ ਗਉੜੀ ਗੁਆਰੇਰੀ ਮਹਲਾ ੧ ੧ੴ ਸਤਿਨਾਮੁ ਚਉਪਦੇ ਦੁਪਦੇ ਅਕਾਲ ਮੂਰਤਿ ਭਉ ਮੁਚ ਭਾਰਾ
ਰਾਗੁ ਗਉੜੀ ਮਹਲਾ ੩ ਚਉਪਦੇ ੧ੴ ਸਤਿਗੁਰ ਪ੍ਰਸਾਦਿ ਗਉੜੀ ਗੁਆਰੇਰੀ ॥ ਗੁਰ ਮਿਲਿਐ ਮੇਲਾ ਹੋਈ	ਰਾਗੁ ਗਉੜੀ ਮਹਲਾ ੩ ਕਉਪਦੇ ੧ੴ ਸਤਿਗੁਰ ਪ੍ਰਸਾਦਿ ਗਉੜੀ ਗੁਆਰੇਰੀ ॥ ਗੁਰ ਮਿਲਐ ਮੇਲਾ ਹੋਈ ॥
ਗਉੜੀ ਗੁਆਰੇਰੀ ਮਹਲਾ ੧ੴ ਸਤਿਗੁਰ ਪ੍ਰਸਾਦਿ । ੪ ਚਉਥਾ ਚਉਪਦੇ ॥ ਪੰਡਿਤ ਸਾਸਤ	ਰਾਗੁ ਗਉੜੀ ਗੁਆਰੇਰੀ ਮਹਲਾ ੧ੴ ਸਤਿਗੁਰ ਪ੍ਰਸਾਦਿ । ੪ ਚਉਥਾ ਚਉਬਦੇ ॥ ਪੰਡਿਤ ਸਾਸਤ
ਮਹਲਾ ੫ ਰਾਗੁ ਗਉੜੀ ਗੁਆਰੇਰੀ ਚਉਪਦੇ ੧ੴ ਸਤਿਗੁਰ ਪ੍ਰਸਾਦਿ ਕਿਨ ਬਿਧ ਕੁਸਲੁ	ਰਾਗੁ ਗਉੜੀ ਗੁਆਰੇਰੀ ਮਹਲਾ ੫ ੧ੴ ਸਤਿਗੁਰ ਪ੍ਰਸਾਦਿ । ਚਉਪਦੇ ॥ ਕਿਨ ਬਿਧ ਕੁਸਲੁ
ਰਾਗੁ ਗਉੜੀ ਗੁਆਰੇਰੀ ਮਹਲਾ ੫ ਚਉਪਦੇ ੧ੴ ਸਤਿਗੁਰ ਪ੍ਰਸਦਿ । ਦੁਪਦੇ ਜੋ ਪਰਾਇਓ ਸੋਈ ਅਪਨਾ	੧ੴ ਸਤਿਗਰ ਪ੍ਰਸਾਦਿ ਰਾਗੁ ਗਉੜੀ ਮਾਲਾ ਮਹਲਾ ੫ ॥ ਜੋਪਰਾਇਓ
ਗਉੜੀ ਬੈਰਾਗਣਿ ੧ੴ ਸਤਿਗੁਰ ਪ੍ਰਸਾਦਿ ॥ ਰਹੋਇ ਕੇ ਛੰਤ ਕੇ ਘਰਿ ਮ: ੫ ॥ (੧) ਹੈ ਕੋਈ ਰਾਮ ਪਿਆਰੋ ਗਾਵੈ ॥	ਰਾਗੁ ਗਉੜੀ ਬੈਰਾਗਣਿ ਰਹੋਏ ਕੇ ਛੰਤ ਕੇ ਘਰਿ ਮਹਲਾ ੫ ੧ੴ ਸਤਿਗੁਰ ਪ੍ਰਸਾਦਿ ॥ ਹੈ ਕੋਈ ਰਾਮ ਪਿਆਰੋ ਗਾਵੈ ।
ਰਾਗੁ ਗਉੜੀ ਮਾਲਾ ਮਹਲਾ ੧ੴ ਸਤਿਗੁਰ ਪ੍ਰਸਾਦਿ ੧ ।੫ ਪਾਇਓ ਬਾਲ ਬੁਧ ਸੁਖਰੇ	ਰਾਗੁ ਗਉੜੀ ਮਾਲਾ ਮਹਲਾ ੫ ੧ੴ ਸਤਿਗੁਰਪ੍ਰਸਾਦਿ ਪਾਇਓ ਬਾਲ ਬੁਧ ਸੁਖਰੇ
ਰਾਗੁ ਗਉੜੀ ਮਾਝ ਮਹਲਾ ੫ ੧ੴ ਸਤਿਗੁਰ ਪ੍ਰਸਾਦਿ । ੧ ਦੀਨ ਦਇਆਲ	ਰਾਗੁ ਗਉੜੀ ਮਾਝ ਮਹਲਾ ੫ ੧ੴ ਸਤਿਗੁਰ ਪ੍ਰਸਾਦਿ । ਦੀਨ ਦਇਆਲ
ਰਾਗੁ ਗਉੜੀ ਮਾਝ ਮਹਲਾ ੫ ੧ੴ ਸਤਿਗੁਰ ਪ੍ਰਸਾਦਿ । ੨ ਤੂੰ ਮੇਰਾ ਬਹੁ ਮਾਣ ਕਰਤੇ ।	ਰਾਗੁ ਗਉੜੀ ਮਾਝ ਮਹਲਾ ੫ ੧ੴ ਸਤਿਗੁਰ ਪ੍ਰਸਾਦਿ । ਤੂੰ ਮੇਰਾ ਬਹ ਮਾਣ ਕਰਤੇ ।
ਰਾਗ ਗਉੜੀ ਅਸਟਪਦੀਆ ੧ੴ ਸਤਿਨਾਮ ਕਰਤਾ ਪੁਰਖ ਮਹਲਾ ੧ ਗਉੜੀ ਗੁਆਰੇਰੀ । ਗੁਰ ਪ੍ਰਸਾਦਿ ਨਿਧਿ ਸਿਧਿ	ਰਾਗੁ ਗਉੜੀ ਗੁਆਰੇਰੀ ਅਸਟਪਦੀਮਹਲਾ ੧ ੧ੴ ਸਤਿਨਾਮ ਨਿਧਿ ਸਿਧਿ
ਗਉੜੀ ਗੁਆਰੇਰੀ ਮਹਲਾ ੩ ੧ੴ ਸਤਗੁਰ ਪ੍ਰਸਾਦਿ ॥ ਅਸਪਪਦੀਆ । ਮਨ ਕਾ ਸੂਤਕ ਦੂਜਾ ਭਾਉ ॥	ਰਾਗੁ ਗਉੜੀ ਗੁਆਰੇਰੀ ਅਸਟਪਦੀਆ ੧ੴ ਸਤਿਗੁਰ ਪ੍ਰਸਾਦਿ ਮਹਲਾ ੩ ਮਨ ਕਾ ਸੂਤਕ

੧ਓ ਸਤਿਗੁਰ ਪ੍ਰਸਾਦਿ ਰਾਗੁ ਗਉੜੀ ਬੈਰਾਗਣਿ ਮਹਲਾ ੩ ਸਤਿਗੁਰ ਤੇ ਜੋ	ਰਾਗ ਗਉੜੀ ਬੈਰਾਗਣਿ ਮਹਲਾ ੩ ੧ਓ ਸਤਿਗੁਰ ਪ੍ਰਸਾਦਿ ਮਤਿਗੁਰ ਤੇਂ ਜੋ
੧ਓ ਸਤਿਗੁਰ ਪ੍ਰਸਾਦਿ ਰਾਗ ਗਉੜੀ ਬੈਰਾਗਣਿ ਮਹਲਾ ੪ ਮਨ ਕਰਹਲੇ ਮਨ ਕਰਹਲੇ ।	੧ਓ ਸਤਿਗੁਰ ਪ੍ਰਸਾਦਿ ਰਾਗ ਗਉੜੀ ਪੂਰਖੀ ਮਹਲਾ ੪ ਕਰਹਲੇ ॥ ਕਰਹਲੇ
੧ਓ ਸਤਿਨਾਮ ਕਰਤਾ ਪੁਰਖ ਗੁਰ ਪ੍ਰਸਾਦਿ ਰਾਗ ਗਉੜੀ ਪੂਰਬੀ ਛੰਤ ਮਹਲਾ ੧ ਮੁੰਧ ਰੈਣ ਦੁਹੇਲੜੀਆਜੀਉ ॥	ਰਾਗ ਗਉੜੀ ਪੂਰਬੀ ਛੰਤ ਮਹਲਾ ੧ ੧ਓ ਸਤਿਨਾਮੁ ਮੁੰਧ ਰੈਣ ਦੁਹੇਲੜ ੧ ਆ ਜੀਉ ।
ਰਾਗੁ ਗਉੜੀ ਪੂਰਬੀ ਛੰਤ ੧ਓ ਸਤਿਨਾਮੁ ਮਹਲਾ ੩ ਸਾਧਨ ਬਿਨੋ ਕਰੇ	ਰਾਗੁ ਗਉੜੀ ਪੂਰਬੀ ਛੰਤ ਮਹਲਾ ੩ ੧ਓ ਸਤਿਨਾਮ ਸਾਧ ਬਿਨੋ ਕਰੈ
੧ਓ ਸਤਿਗੁਰ ਪ੍ਰਸਾਦਿ ਗਉੜੀ ਬਾਵਨ ਅਖਰੀ ਮਹਲਾ ੫ ਸਲੋਕ ॥ ਗੁਰ ਦੇਵ ਮਾਤਾ	ਗਉੜੀ ਬਾਵਨ ਅਖਰੀ ਮਹਲਾ ੫ ੧ਓ ਸਤਿਗੁਰ ਪ੍ਰਸਾਦਿ ਸਲੋਕ ॥ ਗੁਰ ਦੇਵ ਮਾਤਾ
ਗਉੜੀ ਸੁਖਮਨੀ ਮਹਲਾ ੫ ਸਲੋਕ ੧ਓ ਸਤਿਗੁਰ ਪ੍ਰਸਾਦਿ ਆਦਿ ਗੁਰ ਏਨਮਹ	ਗਉੜੀ ਸੁਖਮਨੀ ਮਹਲਾ ੫ ੧ਓ ਸਤਿਗੁਰ ਪ੍ਰਸਾਦਿ ਸਲੋਕ ॥ ਆਦਿ ਗੁਰਏ ਨਮਹ
ਥਿਤੀ ਗਉੜੀ ਮਹਲਾ ੫ ਸਲੋਕ ॥ ੧ਓ ਸਤਿਗੁਰ ਪ੍ਰਸਾਦਿ ਜਲ ਥਲਿ	ਥਿਤੀ ਗਉੜੀ ਮਹਲਾ ੫ ੧ਓ ਸਤਿਗੁਰ ਪ੍ਰਸਾਦਿ ਸਲੋਕ ॥ ਜਲ ਥਲਿ
ਗਉੜੀਕੀਵਾਰਮਹਲਾ੫ਰਾਇਕਮਾਲਦਮੋਜ੧ਓਸਤਿਗੁਰਪ੍ਰਸਾਦਿ ਦੀ ਕੀ ਵਾਰਕੀ ਧੁਨਿ ਉਪਰ ਗਾਵਣੀ ॥ ਸਲੋਕ : ਮ: ੫ ॥ ਹਰਿ ਹਰਿ ਨਾਮ	ਗਉੜੀਕੀਵਾਰਮਹਲਾ੫ਰਾਇਕਮਾਲਦੀਮੋਜ੧ਓਸਤਿਗੁਰਪ੍ਰਸਾਦਿ ਦੀ ਕੀ ਵਾਂਰ ਕੀ ਧੁਨਿ ਉਪਰ ਗਾਵਣੀ ॥ ਸਲਕ ਮ: ੫ । ਹਰਿ
ਰਾਗੁ ਗਉੜੀ ਭਗਤਾ ਕੀ ਬਾਣੀ ੧ਓ ਸਤਿਨਾਮੁ ਗਉੜੀ ਗੁਆਰੇਰੀ ਕਬੀਰ ਜੀਉ ਕੇ ਚਉਪਦੇ ।੧੪। ਅਬ ਮੋਹਿ ਜਲਤ	ਰਾਗੁ ਗਉ ਭਗਤਾਂ ਕੀ ਬਾਣੀ ੧ਓ ਸਤਿਨਾਮੁ ਗਉੜੀ ਗੁਆਰੇਰੀ ਸ੍ਰੀ ਕਬੀਰ ਜੀਉ ਕੇ ਚਉਪਦੇ੧੪ ਅਬ ਮੋਹਿ ਜਲਤੇ
ਰਾਗੁ ਗਉੜੀ ਗੁਆਰੇਰੀ ੧ਓ ਸਤਿਗੁਰ ਪ੍ਰਸਾਦਿ ਅਸਟਪਦੀ ਕਬੀਰ ਜੀ ਕੀ ਸੁਖ ਮਾਂਗਤ	ਰਾਗੁ ਗਉੜੀ ਗੁਆਰੇਰੀ ੧ਓ ਸਤਿਗੁਰ ਪ੍ਰਸਾਦਿ। ਅਸਟਪਦੀ ਕਬੀਰ ਜੀ ਕੀ ॥ ਸੁਖ ਮਾਂਗਤ

ਆਦਿ ਬੀੜ	ਬੀੜ ਭਾਈ ਬੰਨੋ ਜੀ
ਰਾਗੁ ਗਉੜੀ ਪੂਰਬੀ ਬਾਵਨ ਅਖਰੀ ੧ਓ ਸਤਿਨਾਮੁ ਕਬੀਰ ਜੀਉ ਕਿ ਬਾਵਨ ਅਛਰ	੧ਓ ਸਤਿਨਾਮੁ ਰਾਗੁ ਗਉੜੀ ਪੂਰਬੀ ਬਾਵਨ ਅਖਰੀ ਕਬੀਰ ਜੀਉਕੇ ਬਾਵਨ ਅਛਰ
ਰਾਗ ਗਉੜੀ ਥਿਤੀ ਕਬੀਰ ਜੀ ਕੀ ੧ਓ ਸਤਿਗੁਰ ਪ੍ਰਸਾਦਿ । ਸਲੋਕ ॥ ਪੰਦ੍ਰਹਿ ਥਿਤੀ ਸਾਤਵਾਰ ॥	ਰਾਗੁ ਗਉੜੀ ਥਿਤੀ ਕਬੀਰ ਜੀ ਕਿ ੧ਓ ਸਤਿਗੁਰ ਪ੍ਰਸਾਦਿ ਸਲੋਕ ॥ ਪੰਦ੍ਰਹ ਥਿਤੀ
੧ਓ ਸਤਿਗੁਰ ਪ੍ਰਸਾਦਿ। ਰਾਗੁ ਗਉੜੀ ਚੇਤੀ ਬਾਣੀ ਨਾਮ ਦੇਉ ਜੀਉਕੀ ਦੇਵਾ ਪਾਹਨ ਤਾਰੀਅਲੇ ॥	੧ਓ ਸਤਿਗੁਰ ਪ੍ਰਸਾਦਿ ਰਾਗੁ ਗਉੜੀ ਚੇਤੀ ਬਾਣੀ ਨਾਮ ਦੇਉ ਜੀਉਕੀ ਦੇਵਾ ਪਾਹਨ ਤਾਰੀ ਅਲੇ ।
ਰਾਗੁ ਗਉੜੀ ਰਵਿ ਦਾਸ ਜੀ ਕੇ ਪਦੇ ੧ਓ ਸਤਿਨਾਮੁ ਗਉੜੀ ਗੁਆਰੇਰੀ । ਮੇਰੀ ਸੰਗਤ	ਰਾਗੁ ਗਉੜੀ ਰਵਿਦਾਸ ਜੀ ਕੇ ਪਦੇ ੧ਓ ਸਤਿਨਾਮੁ ਗਉੜੀ ਗੁਆਰੇਰੀ ॥ ਮੇਰੀ ਸੰਗਤ
੧ਓ ਸਤਿਗੁਰ ਪ੍ਰਸਾਦਿ ਗਉੜੀ ਬੈਰਾਗਨਿ ਰਵਿਦਾਸ ਜੀਉ ਘਟ ਅਘਟ	ਗਉੜੀ ਬੈਰਾਗਣਿ ਰਵਿਦਾਸ ਜੀਉ ੧ਓ ਸਤਿਗੁਰ ਪ੍ਰਸਾਦਿ ਘਟ ਅਘਟ
੧ਓ ਸਤਿਨਾਮੁ ਕਰਤਾ ਪੁਰਖ ਨਿਰਭਉ ਨਿਰਵੈਰ ਅਕਾਲ ਮੂਰਤਿ ਅਜੂਨੀ ਰਾਗੁ ਆਸਾ ਮਹਲਾ ੧ ਘਰੁ ੧ ਸੈਭੰ ਗੁਰ ਪ੍ਰਸਾਦਿ । ਸੋਦਰੁ ਸੋਦਰੁ ਤੇਰਾ ਕੇਹਾ	੧ਓ ਰਾਗ ਆਸਾ ਮਹਲਾ ੧ ਘਰੁ ੧ ॥ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰਅਕਾਲਮੂਰਤਿਅਜੂਨੀਸੈਭੰਗੁਰਪ੍ਰਸਾਦਿ॥ ਸੋਦਰੁ ਸੋਦਰੁ ਤੇਰਾ ਕੇਹਾ
੧ਓ ਸਤਿਗੁਰ ਪ੍ਰਸਾਦਿ ॥ ਰਾਗੁ ਆਸਾ ਮਹਲਾ ੧ ਚਉਪਦੇ । ਸੁਣਿ ਵਡਾ ਆਖੈ ।	ਰਾਗੁ ਆਸਾ ਮਹਲਾ ੧ ਚਉਪਦੇ ਘਰ੨॥ ੧ ਓ ਸਤਿਗੁਰ ਪ੍ਰਸਾਦਿ ਸੁਣਿ ਵਡਾ ਆਖੈ
੧ਓ ਸਤਿਗੁਰ ਪ੍ਰਸਾਦਿ॥ ਆਸਾ ਘਰੁ ੩ ਮਹਲਾ ੧ ਲਖ ਲਸਕਰ	ਆਸਾ ਮਹਲਾ ੧ ਘਰੁ ੩ ॥ ੧ਓ ਸਤਿਗੁਰ ਪ੍ਰਸਾਦਿ । ਲਖ ਲਸਕਰ

ਅਸੀਂ ਨਮੂਨੇ ਮਾਤ੍ਰ ਮੰਗਲਾਂ ਦਾ ਉਪ੍ਰੋਕਤ ਮੁਕਾਬਲਾ ਦਿਤਾ ਹੈ । ਬਾਕੀ ਸਾਰੀਆਂ ਬੀੜਾਂ ਦੇ ਮੰਗਲਾਂ ਦਾ ਵੇਰਵਾ ਸਾਡੇ ਪਾਸ ਮਾਜੂਦ ਹੈ। ਗ੍ਰੰਥ ਦੇ ਵਡੇ ਆਕਾਰ ਦਾ ਬਣਨ ਦੇ ਡਰ ਤੋਂ ਉਹ ਇਥੇ ਨਹੀਂ ਦੇ ਰਹੇ ।

ਗੁਰਬਾਣੀ ਦੇ ਇਤਿਹਾਸ-ਪ੍ਰਸਿੱਧ ਸੈਂਚਿਆਂ ਵਿੱਚ ਆਪਸੀ ਫਰਕ

ਅੰਮ੍ਰਿਤਸਰੀ ਟਕਸਾਲ ਦੇ ਸੰਪ੍ਰਦਾਈ ਗਿਆਨੀਆਂ ਨੇ, ਗੁਰਬਾਣੀ ਦੇ ਸਮੁੱਚੇ ਸੰਚੇ--'ਆਦਿ ਗੁਰੂ ਗ੍ਰੰਥ ਸਾਹਿਬ' ਦੀਆਂ ਦੋ ਸ਼ਾਖਾਂ ਚਲਾਈਆਂ ਤੇ ਧੁਮਾਈਆਂ ਹਨ। ਪਹਿਲੀ ਭਾਈ ਗੁਰਦਾਸ 'ਭੱਲੇ' ਦੀ ਲਿਖੀ ਹੋਈ 'ਆਦਿ ਬੀੜ' ਤੇ ਦੂਜੀ ਭਾਈ ਬੰਨੋ ਦੀ ਨਕਲ ਕਰਵਾਈ ਹੋਈ ਪੋਥੀ, ਜਿਸ ਨੂੰ ਗਿਆਨੀਆਂ ਦਾ ਇਕ ਧੜਾ (ਖਾਰੀ ਬੀੜ) ਨਾਮ ਦੇ ਰਹਿਆ ਹੈ, ਤੇ ਦੂਜਾ ਭਾਈ ਬੰਨੋ ਦੇ ਨੱਗਰ 'ਖਾਰੇ' ਨਾਲ ਮਨਸੂਬ ਕਰਕੇ, ਇਸ ਨੂੰ 'ਖਾਰੇ ਕੀ ਮਿਸਲ' ਆਖਦਾ ਹੈ, 'ਖਾਰੀ ਬੀੜ' ਨਾਮ ਧਰਨ ਵਾਲਾ ਧੜਾ ਕਹਿੰਦਾ ਹੈ: ਭਾਈ ਬੰਨੋ ਨੇ ਆਪਣੇ ਸੰਚੇ ਵਿਚ ਕੁਝ ਵਾਧੂ ਸ਼ਬਦ ਸਲੋਕ ਮਿਲਾ ਦਿਤੇ ਸਨ, ਜਿਸ ਕਰਕੇ ਉਹ 'ਖਾਰੀ' (ਖੱਟੀ ਕੌੜੀ) ਹੋ ਗਈ! ਜਿਹਾ ਕਿ ਭਾਈ ਸੰਤੋਖ ਸਿੰਘ, 'ਸ੍ਰੀ ਗੁਰ ਪ੍ਰਤਾਪ ਸੂਰਜ' ਵਿਚ ਲਿਖਦੇ ਹਨ :--

ਕੇਤਕ ਸ਼ਬਦ ਲਿਖੇ ਅਧਿਕਾਈ ॥ ਆਏ ਪੁਨਿ ਸ੍ਰੀ ਗੁਰ ਅਗਵਾਈ ॥
ਜੁਗਲ ਗ੍ਰੰਥ ਸਾਹਿਬ ਕਰ ਦੀਨੇ ॥ ਅਧਿਕ ਜੁ ਹੁਤੇ ਸੁਨਾਵਨ ਕੀਨੇ ॥੫੧॥
ਪਿਖਿ ਅਰੁ ਸੁਨਿ ਸ੍ਰੀ ਮੁਖਿ ਫੁਰਮਾਯੋ ॥ ਲਿਖ ਕਰ ਅਧਿਕ ਜਿਤੋ ਭ੍ਰਮ ਪਾਯੋ ॥
ਤਿਸੀ ਬੀੜ ਮਹਿ ਰਖਹੁ ਲਿਖਾਵੋ ॥ ਨਹਿ ਇਸ ਗ੍ਰੰਥ ਬਿਖੈ ਸੋ ਪਾਵੋ ॥੫੨॥
ਯਾ ਤੇ ਭਈ ਬੀੜ ਦ੍ਵੈ ਗ੍ਰਿੰਥ, ਲਿਖਤਿ ਪਦਤਿ ਸ੍ਰੀ ਸਤਿਗੁਰ ਪੰਥ ॥੫੩॥
(ਰਾਸਿ ੩, ਅੰਸੂ ੪੯)

ਭਾਈ ਸਾਹਿਬ ਵੀਰ ਸਿੰਘ ਨੇ, ਕਵੀ ਜੀ ਦੇ ਇਸ ਕਥਨ ਉੱਤੇ ਟਿੱਪਣੀ ਚਾੜ੍ਹੀ ਹੈ :--"ਇਹ ਭੀ ਪਰੰਪਰਾ ਤੋਂ ਗੱਲ ਚਲੀ ਆਈ ਹੈ, ਕਿ ਭਾਈ ਬੰਨੋ ਵਾਲੀ ਬੀੜ ਨੂੰ ਗੁਰੂ ਜੀ ਨੇ ਇਸ ਵੇਲੇ 'ਖਾਰੀ ਬੀੜ' ਕਿਹਾ। ਇਹ ਬੀੜ ਮਾਂਗਟ ਜ਼ਿਲਾ ਗੁਜਰਾਤ ਵਿਚ ਹੈ। ਉਥੇ ਗੁਰਦੁਆਰਾ ਹੈ ਤੇ ਉਹੋ ਬੀੜ ਭਾਈ ਬੰਨੋ ਜੀ ਵਾਲੀ ਮੌਜੂਦ ਹੈ। ਇਸ ਪਰ ਵੀ ਰਾਗ ਮਾਲਾ ਮੌਜੂਦ ਹੈ। ਦਸਮੇ ਪਾਤਿਸਾਹ ਜੀ ਨੇ ਦਮਦਮੇ ਜੋ ਬੀੜ ਉਚਾਰੀ, ਉਸ ਤੋਂ ਚਾਰ ਯਾ ਪੰਜ ਉਤਾਰੇ ਹਏ ਤੇ ਫਿਰ ਪ੍ਰਚਾਰ ਵਧਿਆ।

ਦਮਦਮੇ ਸਾਹਿਬ ਇਕ ਬੀੜ ਸੁਣੀ ਦੀ ਹੈ ਜੋ ਕਰਤਾਰਪੁਰ ਵਾਲੀ ਨਾਲ ਬਾਬਾ ਦੀਪ ਸਿੰਘ ਜੀ ਨੇ ਸੋਧੀ ਸੀ।

[ਸ੍ਰੀ ਗੁਰਪ੍ਰਤਾਪ ਸੂਰਜ-ਸਟਿੱਪਣ]

ਕਵੀ ਜੀ ਤੇ 'ਭਾਈ ਸਾਹਿਬ ਜੀ' ਸਿਖ ਪੰਥ ਵਿਚ ਚੋਟੀ ਦੇ ਵਿਦਵਾਨ ਤੇ ਗੁਰਮਤਿ ਦੇ ਅਦੁਤੀ ਪ੍ਰਚਾਰਕ ਮੰਨੇ ਜਾਂਦੇ ਹਨ। ਇਨ੍ਹਾਂ ਨੇ ਹੀ 'ਕਰਤਾਰਪੁਰੀ ਬੀੜ' ਨੂੰ ਬਿਨਾਂ ਦੇਖੇ ਪਰਖੇ

ਭਾਈ ਗੁਰਦਾਸ ਭੱਲੇ ਦਾ ਲਿਖਿਆ (ਆਦਿ ਗ੍ਰੰਥ) ਬਣਾਇਆ ਤੇ ਸਾਧਾਰਨ ਗੁਰਸਿੱਖਾਂ ਨੂੰ ਇਸ ਬੀੜ ਦੇ ਲੜਿ ਲਾਇਆ ਹੈ। ਅਰੁ ਭਾਈ ਬੱਨੋ ਦੀ ਕਰਵਾਈ ਨਕਲ ਨੂੰ 'ਖਾਰੀ ਬੀੜ' ਦੀ ਉਪਾਧੀ ਦੇ ਕੇ ਸਿਖਾਂ ਦੇ ਮਨਹੁ ਲਾਹਿਆ, ਤੇ ਗੁੱਠੇ ਬੈਠਾਇਆ ਹੈ। ਇਸ ਦੇ ਨਾਲ ਹੀ 'ਦਮਦਮੀ ਬੀੜ' ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਦੀ ਉਚਾਰਨ ਕੀਤੀ ਮੰਨਕੇ 'ਗੁਰਗੱਦੀ' ਪੁਰ ਵਿਰਾਜਣ ਦੀ ਅਧਿਕਾਰੀ ਦਰਸਾਇਆ ਹੈ।

ਲੇਕਿਨ "ਰਾਗ ਮਾਲਾ" ਸੰਬੰਧੀ ਸਿੱਖਾਂ ਵਿੱਚ ਪਏ ਤਾਜ਼ੇ ਰੌਲੇ, ਅਤੇ 'ਗੁਰੂ ਗ੍ਰੰਥ ਸਾਹਿਬ' ਵਿਚ ਆਏ 'ਮੰਗਲਾਂ' ਤੇ ਸਿਰਲੇਖਾਂ ਬਾਰੇ ਛਿੜੀ ਲੰਬੀ ਚਰਚਾ ਨੇ, ਇਨ੍ਹਾਂ ਸਾਰੀਆਂ ਬੀੜਾਂ ਦੀ ਹਕੀਕਤ ਚੰਗੀ ਤਰ੍ਹਾਂ ਉਘੇੜ ਦਿੱਤੀ ਹੈ, ਜਿਸ ਦਾ ਸਾਰਾ ਬਿਓਰਾ, ਅਸੀਂ ਇਸ ਪੁਸਤਕ ਵਿੱਚ ਦੱਸਕੇ, ਸਤਿਕਾਰ ਜੋਗ ਬਜ਼ੁਰਗਾਂ ਦੇ ਭਰਮ-ਛੇੜ ਕੱਟਣ, ਅਤੇ ਸਾਧਾਰਨ ਸਿੱਖਾਂ ਦੇ ਸਿਰ-ਚੜ੍ਹੇ ਤਲਿਸਮ ਦਾ ਲਈ ਦੂਰ ਕਰਨ ਦਾ ਉਪਰਾਲਾ ਕੀਤਾ ਹੈ। 'ਕਰਤਾਰਪੁਰੀ ਬੀੜ' ਦਾ ਹਾਲ ਬਿਆਨ ਕਰਦਿਆਂ ਅਸਾਂ ਇਹ ਭੀ ਸਿੱਧ ਕਰ ਦਿਤਾ ਹੈ, ਕਿ ਜਿਸ [ਖਾਰ] ਦਾ ਧੱਬਾ ਲਾਕੇ, ਬੱਨੋ ਆਣੀਆਂ ਪਾਸ ਸਾਂਭੇ ਹੋਏ 'ਗ੍ਰੰਥ ਸਾਹਿਬ' ਨੂੰ ਤ੍ਰਿਸਕਾਰਿਆ ਜਾ ਰਿਹਾ ਹੈ, ਉਸ ਨਾਲੋਂ ਵਧੇਰੇ [ਖਾਰ] 'ਕਰਤਾਰਪੁਰੀ ਬੀੜ' ਆਪਣੇ ਅੰਦਰ ਲੁਕਾਈ ਬੈਠੀ ਸੀ, ਅਤੇ ਸੰਨ ੧੯੧੭-੮ ਈ: ਤੱਕ ਉਸ ਦੀ ਧਾਰਨੀ ਰਹੀ ਹੈ। ਇਸਦਾ ਸਹੀ ਸਰੂਪ, ਰਾਜ ਮਹਲ 'ਮੋਤੀ ਬਾਗ' ਪਟਿਆਲਾ ਅੰਦਰ ਸੁਰੱਖਿਤ 'ਗ੍ਰੰਥ ਸਾਹਿਬ [ਸੰਮਤ ੧੯੧੯ ਵਾਲਾ] ਦੇਖਿਆ ਜਾ ਸਕਦਾ ਹੈ। 'ਖਾਰੇ ਕੀ ਮਿਸਲ' ਦੇ ਮੌਜੂਦਾ ਸਰੂਪ ਵਿਚ ਜੋ ਵਾਧੂ ਸ਼ਬਦ ਸਲੋਕ ਦਰਜ ਹਨ, ਉਹ ਸਾਰੇ 'ਕਰਤਾਰਪੁਰੀ ਗ੍ਰੰਥ' ਵਿਚ ਹੈਗੇ ਸਨ, ਤੇ ਉਨ੍ਹਾਂ ਦੇ ਨਿਸ਼ਾਨ ਅਜੇ ਵੀ ਮੌਜੂਦ ਹਨ। ਸਗੋਂ ਉਨ੍ਹਾਂ ਤੋਂ ਵਧੇਰੇ "ਖਾਰਾ" ਪਦਾ-"ਆਸਾ ਕਬੀਰ—ਦੇਖਹੁ ਲੋਗਾ ਰਾਮ ਕੀ ਸਗਾਈ ॥...੩੫੬॥ ਅੰਕ ਪੁਰ ਲਿਖਿਆ ਸੀ; ਜੋ ਸਿਆਹੀ ਨਾਲ ਮੇਟਿਆ ਹੋਇਆ ਹੈ। ਬੱਨੋ ਆਣੀਆਂ ਵਾਲੇ ਗ੍ਰੰਥ ਵਿਚ ਇਹ ਹੈ ਈ ਨਹੀਂ। ਇਸ ਤੋਂ ਬਿਨਾਂ 'ਕਰਤਾਰਪੁਰੀ ਬੀੜ' ਅੰਦਰ 'ਮੰਗਲਾਂ ਤੇ 'ਸਿਰਲੇਖਾਂ ਵਿਚ ਐਨੀਆਂ ਬੇ-ਮ੍ਰਿਯਾਦਗੀਆਂ ਹਨ; ਜੋ ਉਸ ਦੀਆਂ ਨਕਲਾਂ ਯਾ ਮੇਲਕੇ ਛਾਪੇ ਜਾ ਰਹੇ ਗ੍ਰੰਥਾਂ ਤੋਂ ਸਿਵਾ ਹੋਰ ਕਿਧਰੇ ਨਹੀਂ। ਇਸ ਤਰ੍ਹਾਂ ਦੇ [ਖਾਰ] ਦੀ ਵੰਨਗੀ, ਅਸਾਂ 'ਭਾਈ ਬਿਧੀ ਚੰਦ ਵਾਲੀ ਪੋਥੀ' ਨਾਲ ਸਾਹਮਣਾ ਮੁਕਾਬਲਾ ਕਰਕੇ ਵਿਖਾਖਿਆ ਹੈ। ਇਸ ਪੋਥੀ ਨੂੰ, ਸੰਪ੍ਰਦਾਈ ਗਿਆਨੀਆਂ ਦਾ ਢੰਢੋਰਚੀ-'ਗੁਰਬਿਲਾਸ ਪਾਤਿਸ਼ਾਹੀ ਛੇਵੀਂ' ਦਾ ਲਿਖਾਰੀ ਕਵੀ ਸੋਹਨ--'ਆਦਿ ਗ੍ਰੰਥ' ਦਾ ਸਹੀ ਉਤਾਰਾ [ਪੂਰਬਾਰਧ] ਦੱਸ ਰਹਿਆ ਹੈ। ਇਹ ਟਾਕਰਾ ਦੋਹਾਂ ਸੰਚਿਆਂ ਦੇ 'ਮੰਗਲਾਂ' ਤੇ ਸਿਰਲੇਖਾਂ ਦਾ ਹੀ ਹੈ, ਜੋ ਬੜੀ ਮਿਹਨਤ ਤੇ ਰੀਝ ਨਾਲ ਕੀਤਾ ਗਿਆ ਹੈ।

ਭੁੱਲਣ ਅੰਦਰਿ ਸਭ ਕੋ.....

ਬੀੜਾਂ ਦੇ ਬਿਓਰੇ ਵਿੱਚ ਅਸਾਂ ਜਿਨ੍ਹਾਂ ਬੀੜਾਂ ਦੇ ਹਾਲ ਲਿਖੇ ਹਨ, ਉਨ੍ਹਾਂ ਵਿੱਚੋਂ ਪੰਜ-ਸੱਤ ਬੀੜਾਂ, ਬੜੇ ਚੰਗੇ ਵਿਦਵਾਨ ਗੁਰਮੁਖਾਂ ਨੇ ਸੁਰਤਿ-ਮੱਤ ਟਿਕਾਣੇ ਰੱਖ ਕੇ ਲਿਖੀਆਂ ਹਨ, ਪਰ ਲਿਖਾਰੀ ਆਖ਼ਿਰ 'ਭੁਲਾਂ ਦੇ ਭੜੋਲੇ' (ਨਿਸੀਆਨ ਕੇ ਪੁਤਲੇ) ਇਨਸਾਨ ਹੀ ਹਨ; ਇਸ ਲਈ ਦਾੱਵੇ ਨਾਲ ਨਹੀਂ ਆਖਿਆ ਜਾ ਸਕਦਾ, ਕਿ ਉਨ੍ਹਾਂ ਸਭਨਾਂ ਦੀ ਸਾਰੀ ਲਿਖਤ ਸ਼ੁੱਧ ਹੋਵੇਗੀ। ਸੋ, ਕਿਸੇ ਵੀ ਇੱਕ ਬੀੜ ਨੂੰ 'ਧੁਰਵਾ' ਮੰਨ ਕੇ, ਗੁਰਬਾਣੀ ਸ਼ੁੱਧ ਨਹੀਂ ਕੀਤੀ ਜਾ ਸਕਦੀ। ਅਸਾਂ ਪ੍ਰਾਪਤਿ ਪੁਰਾਤਨ ਬੀੜਾਂ ਨਾਲ ਮੇਲ ਕੇ ਜੋ ਸ਼ੁੱਧੀ ਪੱਤ੍ਰ ਤਿਆਰ ਕੀਤਾ ਹੈ, ਉਸ ਦਾ ਸੰਛੇਪ ਅਗਲੇ ਪਤ੍ਰਿਆਂ ਪੁਰ ਪੇਸ਼ ਕਰ ਰਹੇ ਹਾਂ। ਇਸ ਵਿੱਚ ਭੀ ਅਨੇਕਾਂ ਘਾਟਾਂ ਤੇ ਅਸ਼ੁੱਧੀਆਂ ਹੋਣਗੀਆਂ, ਅਰੁ ਅਨੰਤ ਪਦ ਸ਼ਬਦ ਮਸ਼ਕੂਕ ਹੋਣਗੇ। ਸਾਡਾ ਵਿਚਾਰ ਇਹ ਹੈ ਕਿ ਇਨ੍ਹਾਂ ਪਾਠਾਂ ਨੂੰ ਭਾਈ ਰਾਮਰਾਇ ਵਾਲੇ ਗ੍ਰੰਥ, (ਨੰ: ੬) ਡਾ: ਤ੍ਰਿਲੋਚਨ ਸਿੰਘ ਪਾਸ (ਨੰ: ੭) ਤੇ ਨਿਹੰਗ ਗੁਲਾਬ ਸਿੰਘ ਹੋਰਾਂ ਦੇ ਘਰ ਸਾਂਭੇ ਹੋਏ (ਨੰ: ੨੬) ਗ੍ਰੰਥ ਸਾਹਿਬਾਂ ਨਾਲ ਮੇਲ ਕੇ, ਜ਼ਰੂਰ ਨਿਸਚੇ ਕਰ ਲੈਣਾ ਚਾਹੀਦਾ ਹੈ। ਫਿਰ ਵੀ ਜੇ ਕੁੱਝ ਸ਼ਬਦ ਸ਼ੱਕੀ ਰਹਿ ਜਾਣ, ਉਨ੍ਹਾਂ ਬਾਰੇ ਚੋਣਵੇਂ ਗੁਰਬਾਣੀ ਦੇ ਗਿਆਨੀ, ਮੌਕਾਉ ਮਹਲ ਜਾਚ ਕੇ, ਵਿਚਾਰ ਕਰਨ ਅਤੇ ਅਰਥ-ਭਾਵ ਢੁਕਦੇ ਵੇਖ ਕੇ ਸ਼ੁੱਧ ਕਰ ਲੈਣ। ਇਸ ਤਰ੍ਹਾਂ ਸ਼ੁੱਧ ਕੀਤਾ ਸੰਚਾ, ਤੇ ਪਦਛੇਦ ਛਾਪਿਆ 'ਗੁਰੂ ਗ੍ਰੰਥ ਸਾਹਿਬ' ਪਰਮ ਪਵਿੱਤ੍ਰ ਤੇ ਸਰਬ ਪ੍ਰਿਯ ਹੋਵੇਗਾ। ਇਸ ਪ੍ਰਤ ਕਿਸੇ ਵੀ ਪੱਖੋਂ ਕਿੰਤੂ ਕਰਨ ਦੀ ਗੁੰਜਾਇਸ਼ ਨਹੀਂ ਰਹੇਗੀ।

ਪੰਨਾ ਸਤਰ	ਛਪਿ ਰਹਿਆ ਪਾਠ ਜਪੁ	ਸ਼ੁੱਧ ਪਾਠ
੨/੭	ਮੁਹੌ ਕਿ ਬੋਲਣ ਬੋਲੀਐ	(ਮੁਹੌਂ)
੯	ਨਦਰੀ [ਮੋਖੁ] ਦੁਆਰੁ ॥	(ਮੋਖ)
੧੪	ਗੁਰੁ ਗੋਰਖੁ [ਬਰਮਾ]	(ਬ੍ਰਹਮਾ)
੨੩	ਤ ਵਾਤ ਨ ਪੁਛੈ [ਕੇ]	(ਕੇਇ)
=	ਦੋਸੀ ਦੋਸ਼ (ਧਰੇ)	(ਧਰੇਇ)
੨੪	ਗੁਣਵੰਤਿਆ ਗੁਣ (ਦੇ)	(ਦੇਇ)
=	ਜਿ ਤਿਸੁ ਗੁਣੁ ਕੋਇ [ਕਰੇ]	(ਕਰੇਇ)
੨੭	ਸੁਣਿਐ ਈਸਰ [ਬਰਮਾ]	(ਬ੍ਰਹਮਾ)
੩/੨੦	(ਧੌਲੁ) ਧਰਮੁ ਦਇਆ ਕਾ ਪੂਤ	(ਧਉਲੁ)

ਪੰਨਾ ਸਤਰ	ਛਪ ਰਹਿਆ ਪਾਠ	ਜਪੁ ਸ਼ੁੱਧ ਪਾਠ
੨੪	ਜਾਣੈ [ਕੌਣ] ਕੂਤ	(ਕਉਣ)
੫/੩	ਨਾਨਕ ਜੇ ਕੋ (ਆਪੌ) ਜਾਣੈ	ਆਪੌ
੧੮	ਕੇਤੇ ਲੈ ਲੈ (ਮੁਕਰੁ) ਪਾਹਿ	ਮੁਕਰਿ
੨੮	ਆਖਹਿ [ਬ਼ਰਮੇ]	(ਬ੍ਰਹਮੇ)
੬/੫	ਜੋਕੋ (ਆਖੈ ਬੋਲੁ) ਵਿਗਾੜੁ	(ਬੋਲ) ਵਿਗਾੜੁ
੧੦	ਗਾਵਹਿ (ਬਰਮਾ)	(ਬ੍ਰਹਮਾ)
੧੩	ਪੜਨਿ (ਰਖੀਸਰ ਜੁਗੁ ਜੁਗੁ)	(ਰਿਖੀ ਸੁਰ ਜੁਗਿ ਜੁਗਿ)
੭/੧੯	ਇਕ ਦੂ [ਜੀਭੌ]	(ਜੀਭੌਂ)
੨੧	ਗਿਆਨ ਖੰਡਕਾ (ਆਖਹੁ) ਕਰਮੁ ॥	(ਆਖਹੁੰ) (ਮੈਂ ਆਖਦਾ) ਹਾਂ
੮/੧੦	ਜਤੁ [ਪਾਹਾਰਾ]	(ਪਹਾਰਾ)
੧੯	(ਸੋਦਰੁ) ਰਾਗੁ ਆਸਾ ਮਹਲਾ ੧	ਰਾਗਿ ਆਸਾ ਮਹਲਾ੧ (ਸੋਦਰੁ)
੯/੧੨	ਸੋ ਪਾਤਿ ਸਾਹੁ ਸਾਹਾ ਪਤਿ ਸਾਹਿਬ	(ਪਾਤਿ) ਸਾਹਿਬੁ
੧੨/੧੬	ਸੋਹਿਲਾ ਰਾਗੁ ਗਉੜੀ ਦੀਪਕੀ ਮਹਲਾ ੧	ਰਾਗਿ ਗਉੜੀ ਦੀਪਕੀ ਮਹਲਾ੧ਸੋਹਿਲਾ
੧੪/੧	ੴ ਸਤਿਗੁਰ ਪ੍ਰਸਾਦਿ ॥	
੨	ਰਾਗੁ ਸਿਰੀ ਰਾਗੁ ਮਹਲਾ ਪਹਿਲਾ ੧ ਘਰੁ ੧ ॥	ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥ ਰਾਗੁ ਸਿਰੀ ਰਾਗੁ ਮਹਲਾ ੧ ਚਉਪਦੇ ਘਰੁ ੧ ॥
੧੯/੨੧	(ਕੂਰਿ) ਬਜਾਵੈ ਤੂਰੁ ॥	(ਕੂੜ)
੨੧/੧੭	ਜਮੁ ਮਾਰਿ ਕਰੇ (ਖੁਲਹਾਨ)	(ਖਲਹਾਨ)
੨੬/੫	ਸਿਰੀ ਰਾਗੁ ਮਹਲਾ (੩ ਘਰੁ ੧)	(ਚਉਪਦੇ) ਘਰੁ ੧
੨੭/੨੨	[ਤਿਤੁ] ਘਟਿਹੈ ਪਰਗਾਸੁ। ਠੀਕ ਹੈ	(ਤਿਨ)
੨੯/੨੦	ਹਉਮੈ ਮਾਰਿ (ਨਿਚੰਦੁ)	(ਨਚਿੰਦੁ)

ਪੰਨਾ ਸਤਰ	ਛਪ ਰਹਿਆ ਪਾਠ	ਜਪੁ ਸ਼ੁੱਧ ਪਾਠ
੪੪/੧੯	ਤੂੰ ਗੁਣ (ਗੋਇੰਦ) ਨਿਤ ਗਾਉ ।	(ਗੋਬਿੰਦ)
੫੦/੧੩	(ਸੰਥ੍ਰਿਬੁ) ਪੁਰਖੁ ਅਪਾਰੁ ।	(ਸੰਮ੍ਰਿਥੁ)
੫੬/੯	ਆਵਣੁ ਵੰਜਣੁ [ਡਾਖੜੋ]	(ਗਾਖੜੋ)'
੫੯/੩	ਨਾ ਤਿਸੁ ਤਿਲੁਨ ਤਮਾਇ ॥	(ਤਿਸਨੋ ਤਿਲੁ)
੬੦/੧੩	(ਗੁਰਮਤਿ) ਹੋਇਤ ਪਾਈਐ	(ਗੁਰਮੁਖਿ) ਹੋਇ
੬੬/੧੭	ਆਏਸੇ ਪ੍ਰਵਾਣੁ (ਹੈ)	(ਹਹਿ)
੭੬/੧੧	ਗੁਣ (ਸੰਜਮਿ) ਜਾਵੈ	(ਸੰਗਾਮ)
੯੩/੨	ਰੇ ਨਰ ਗਰਬ (ਕੁੰਡਲ) ਜਬਆਛਤ ।	(ਗਰਭ ਕੁੰਡਿ)
੯੪/੩	ਰਾਗੁ ਮਾਝ ਚਉਪਦੇ ਘਰੁ ੧ ਮਹਲਾ ੪	ਰਾਗੁਮਾਝਮਹਲਾ ੪ਚਉਪਦੇਘਰੁ੧
੯੯/੧੦	ਅਕਾਲ ਮੂਰਤਿ ਅਜੂਨੀ (ਸੰਭੋ)	(ਸੰਭਉ)
੧੦੦/੧	ਕੁਬੁਧਿ (ਅਭਾਗੀ)	(ਤਿਆਗੀ)
੧੦੧/੧੪	ਗੁਰ ਬੰਧਨ (ਤਿਨ ਕੇ) ਸਗਲੇ ਕਾਟੇ ।	(ਤਿਸੁਕੇ)
੧੧੩/੫	ਸਬਦੁ (ਸੂਝੈ) ਤਾ ਮਨ ਸਿਉ ਲੂਝੈ	(ਬੂਝੈ)
੧੩੦/੨੨	(ਤਿਸੁ) ਘਰਿ ਸਹਜਾ	(ਜਿਸੁ) ਘਰਿ
੧੩੨/੧੫	ਹਰਿਧਨੁ ਜਿਨੀ (ਸੰਜਿਆ)	(ਸੰਚਿਆ)
੧੩੭/੮	ਕਰਿ ਕਿਰਪਾ (ਦਿਤੀਨ) ਜਿੰਦੁ	(ਦਿਤੀਅਨੁ)
੧੩੮/੨੦	ਅੰਤਰਿ ਬਹਿਕੈ : ਸ਼ੇ (ਕੁੰਡੀ) ਜਾਣੀਐ	(ਕੁੰਟੀ)
੧੪੩/੧੭	ਮੇਰਵਦ ਬਾਦਿਸਾਹ ਅਫਜੂ ਖੁਦਾਇ (ਏਕਤੂਹੀ)	ਅਫਜੂ ਖੁਦਾਇਆ । (ਅਸਤੁ ਏਕ ਦਿਗਰ ਕੁਈ) (ਏਕੁ ਤੁਈ ਏਕੁ ਤੁਈ) ॥
੧੪੭/੨੮	ਮ: ੧ ॥ (ਮਤਿ) ਪੰਖੇਰੂ	(ਮਨੁ) ਪੰਖੇਰੂ
੧੪੯/੮	ਚਾਰੇ (ਕੂੰਡਾ) ਦੇਖਿ	(ਕੁੰਟਾ)
੧੫੦/੨੨/੩	ਅਖਰ ਨਾਨਕ (ਅਖਿਓ) ਆਪਿ ॥	ਅਖਰ ਨਾਨਕ (ਆਖਿਓ) ਆਪਿ॥

ਰਾਗੁ ਗਉੜੀ

੧੫੧/੧੭	ਵਿਣੁ ਖਾਧੇ ਮਰਿ ਹੋਹਿ (ਗਵਾਰ) ॥੩	(ਖਵਾਰ)

ਪੰਨਾ ਸਤਰ	ਛਪ ਰਹਿਆ ਪਾਠ	ਜਪੁ	ਸ਼ੁੱਧ ਪਾਠ
੧੫੫/੨੮	ਕਰਿ (ਪਟੰਬੁ) ਗਲੀਮਨੁ ਲਾਵਸਿ	(ਪਾਖੰਡ)	
੧੬੦ ੧੮	ਸਹਜਿ (ਭਵੈ) ਪ੍ਰਭਸਭਨੀ ਥਾਈ	(ਵਸੈ)	
੧੬੭/੨੬	(ਰਸਅਨਿ) ਭੋਗਾਣੀ	(ਅਨਿਕ)	
੧੬੯/੧੦	ਜੋ (ਗੁਰਮਤਿ) ਰਾਮ ਰਸ ਖਾਤੇ	(ਗੁਰਮੁਖਿ)	
੧੭੯/੨੩	ਤਖਤ ਸਭਾ (ਮੰਡਨ) ਦੋ ਲੀਚੇ	(ਮੰਡਲ)	
੧੮੧/੨੩	ਜੋ ਤੁਮ ਕਹਹੁ ਸੋਈ (ਮੋਹਿ) ਕਰਨਾ ॥	(~~[illegible]~~)	
੧੮੩/੭	ਸੰਤ ਪ੍ਰਸਾਦਿ (ਜਪੈ) ਹਰਿ ਨਾਉ	[ਜਪਉ]	
੧੮੫/੧੧	ਆਪਿ ਕਮਾਉ ਅਵਰਾ ਉਪਦੇਸ ॥	[ਕਮਾਵਹੁ]	
੧੮੭/੬	(ਤਿਨ ਹੀ) ਪ੍ਰਭ ਜਾਤਾ ॥	[ਤਿਸਹੀ]	
੨੧੫/੧	ਮਾਨੁ (ਅਭਿਮਾਨੁ) ਦੋਊ ਸਮਾਨੇ ॥	[ਅਪਮਾਨ]	
੨੩੯/੨੨	ਤਿਸੁ ਗੁਰ ਕਉ ਸਿਮਰਉ	[ਸਤਿਗੁਰ] ਕਉ	
੨੪੨/੫	ਜਿਉ ਉਲਝਾਇਓ [ਬਾਧ] ਬੁਧਿਕਾ	[ਬਾਲ] ਬੁਧਿਕਾ	
੨੭੫/੮	ਤੈਸਾ ਮਾਨੁ ਤੈਸਾ [ਅਭਿਮਾਨੁ]	[ਅਪਮਾਨੁ]	
੨੮੯/੧	ਆਪਿ ਜਪਹੁ [ਅਵਰਾ] ਨਾਮੁ ਜਪਾਵਹੁ	[ਅਵਰਹ]	
੨੯੧/੧੪	ਤਹ ਕਉਮਾਨ ਕਉਨ ਅਭਿਮਾਨ	[ਅਪਮਾਨੁ]	
੩੦੮/੧੭	ਕੀਤਾ [ਕਰਤਿਆ] ਓਸ ਦਾ ਸਭੁ ਗਇਆ	ਕਤਰਿਆ	
੩੧੧/੧੭	ਸਲੋਕ [ਮ: ੩] ॥ ਗਉੜੀ ਰਾਗਿ ਸੁਲਖਣੀ	[ਮ: ੪]	
੩੨੩ ੯	ਤਿੰਨਾ ਭੁਖਨ ਕਾ ਰਹੀ [ਜਿਸਦਾ] ਪ੍ਰਭ ਹੈ ਸੋਇ	[ਜਿਨਕੇ]	
੩੨੫/੧੦	ਤਜਹੁ ਗੁਨ ਆਨ ॥੩	[ਗੁਮਾਨ]	
੩੩੩/੨	ਦਹਦਿਸ [ਬੂਡੀ] ਪਵਨੁ ਝੁਲਾਵੈ	[ਗੂਡੀ]	
੩੩੪/੧੫	ਏ ਅਵਗਨ ਕਤ ਜਾਹੀ ॥੧॥	ਕਹੀਐ ਕਿਸੁ ਮਾਹੀ ॥੧॥	
੧੯	ਇਹ ਕਹੀਐ ਕਿਸ ਮਾਹੀ ॥੨॥	ਇਹਿ ਅਵਗਨਕਤ ਜਾਹੀ ॥੨॥	
੩੩੬/੨	ਸਮਝੁਮਨ ਬਉਰਾਰੇ ॥	ਬਉਰਾਰੇ ਦੁਰਲਭ ਦੇਹਕੇ ਕਾਜ ॥	
		ਗੁ: ਪ੍ਰਾਡਲ ਸਾਹਿਬ ਮੰਡੀ ਵਿਚ	
		ਸੁਰੱਖਿਅਤ ਪਰਾਚੀਨ ਪਤਿ੨੧੭॥	

ਪੰਨਾ ਸਤਰ	ਛਪ ਰਹਿਆ ਪਾਠ	ਜਪੁ ਸ਼ੁੱਧ ਪਾਠ
੩੩੭/੧੧	ਜੀਅਰਾ ਹਰਿ ਕੇ ਗੁਨ ਗਾਉ ॥੧॥ ਰਹਾਉ	ਛੋਡਿ ਮਾਇਆ ਕੇ ਧੰਧ ਸੁਆਉ॥੧॥
੩੪੦/੨੧	[ਨਹੀਂ]ਦੇਖਿ ਨ ਭਾਜੀਐ	[ਰਣਹੀ] ਦੇਖਿ
੨੭	ਤਬ ਜਾਇ ਜੋਤਿ ਉਜਾਰਉ [ਲਹੈ]	[ਉਜਿਆਰੋ]
੩੪੧/੧੯	ਦਸਵੈ ਦੁਆਰਿ [ਕੂੰਚੀ] ਜਬ ਦੀਜੈ।	[ਕੁੰਜੀ]
੩੪੨/੨੮	ਅਬ ਜਗੁ ਜਾਨਿ [ਜਉਮਨਾ] ਰਹੈ	[ਉਨਮਨਿ] ਰਹੈ
੩੪੪/੨੫	ਸੁਰਖੀ ਪਾਂਚਉ ਰਖੈ [ਸਬੈ]	[ਜਬੈ]
੩੫੫/੯	ਪਹਰੂ [ਅਰਾਛਬਿ] ਚੋਰਨ ਲਗੈ ॥	[ਪਹਰੂ ਆਛਤਿ] ਚੋਰ
੩੬੧/੨੮	ਸਬਦਿ [ਤਰੇ] ਜਨ ਸਹਜਿ ਸੁਭਾਇ	[ਰਤੇ]
੩੬੫/੧੭	[ਤਿਨੁ] ਨਾਮ ਰਤਨ ਪਾਇਆ	[ਤਿਸੁ]
੩੬੭/੨੫	ਨਾਮੁ ਲਾਹਾ ਲੈ [ਗੁਰਮਤਿ]	[ਗੁਰਮੁਖਿ]
੩੬੯/੨੨	ਕਿਨਹੂੰ ਪ੍ਰੀਤਿ ਲਾਈਮੋਹ [ਅਪਮਾਨ]	[ਅਭਿਮਾਨਿ]
੩੭੪/੩	ਅਤਿ ਗਰਬ਼ੈ ਮੋਹਿ [ਫਾਕੀ] ਤੂੰ	[ਫਾਸੀ ਤੂੰ]
੩੯੩/੨੦	ਨਾਮ ਤੇਰੇ ਕੀ [ਮੁਕਤੇ] ਬੀਥੀ	[ਮੁਕਤੀ] ਬੀਥੀ
੨੬	ਹਰਿ [ਜਸਹਿ] ਅਘਾਨੇ	[ਰਸਹਿ]
੪੧੮/੨੪	ਚਾਰੇ ਕੁੰਡਾ ਢੂਢੀਆ	[ਕੁੰਟਾ ਢੂੰਢੀਆ]
੪੬੩/੪	ਕਹੁ ਨਾਨਕ [ਸਉ] ਨਾਹ	[ਸਹੁ] ਨਾਹ
੪੮੧/੧੭	ਤਲੈਰੇ ਬੈਸਾ ਉਪਰਿ [ਸੂਲਾ]	[ਮੂਲਾ]
	ਰਾਗੁ ਗੂਜਰੀ	
੫੦੨/੧੧	ਗੁਰਿ [ਨਾਮੁ] ਦੀਨੋ	[ਦਾਨ] ਦੀਨੋ
੫੦੮/੧੬	[ਦੇਤ] ਦਰਸਨੁ ਸ੍ਰਵਨਿ ਹਰਿਜਸੁ	[ਨੇਤ੍ਰ]
	ਰਾਗੁ ਦੇਵ ਗੰਧਾਰੀ	
੫੨੮/੧੫	ਸਾਧਜਨਾ ਪਗ ਚਕਟੀ	[ਚ੍ਰੂਟਕੀ]
੧੬	ਗੁਰ ਸਤਿਗੁਰ ਪਾਛੈ ਛੁਕਟੀ	[ਛੁਟਕੀ]
	ਰਾਗੁ ਬਿਹਾਗੜਾ	
੫੫੧/੬	[ਮ: ੪] ॥ ਅੰਧੇ ਚਾਨਣੁ ਤਾਥੀਐ ॥	[ਮ: ੩]

ਪੰਨਾ ਸਤਰ	ਛਪ ਰਹਿਆ ਪਾਠ	ਜਪੁ ਸੁੱਧ ਪਾਠ
	ਰਾਗੁ ਵਡਹੰਸੁ	
੫੫੮/੧੧	ਜਾਂ ਸਹੁ ਭਇਆ ਵਿਡਾਣਾ ॥੧॥੩॥	ਆਪਣੈ ਪਿਰ ਭਾਈ ਮਹਲ ਬੁਲਾਈ ਨਾਨਕ ਸੰਗ ਸਮਾਣਾ ॥੧॥੩॥
੫੬੩/੧੧	ਮੇਰੇ ਪ੍ਰਭ ਪ੍ਰੀਤਮ [ਨਾਮੁ] ਅਧਾਰਾ ॥	[ਪ੍ਰਾਣ]
੫੭੮/੧੩	ਪ੍ਰਭ ਦੂਖ ਦਰਦ ਭ੍ਰਮ [ਰਹਤਾ] ਰਾਮ	[ਹਰਤਾ]
	ਰਾਗੁ ਸੋਰਠਿ	
੬੨੭/੨੪	ਸਭ ਨਾਨਕ ਸਖਿ [ਸਵੰਤੀ] ॥	[ਵਸੰਤੀ]
੬੫੧/੧੩	ਰੇ [ਜਨ] ਉਥਾਰੈ ਦਬਿਓਹੁ	[ਮਨ]
੬੫੩/੨੫	ਆਪੇ ਬਖਸ ਕਰੇਇ ॥	ਅਗੇ ਹੋਰ ਤੁਕ ਹੈ । ਆਪੇ ਦੇਇ ਵਡਿਆਈਆ ਆਪੇ ਨਦਰਿ ਕਰੇਇ ॥
	ਰਾਗਿ ਧਨਾਸਰੀ	
੬੮੩/੧੭	ਬੇਦ [ਉਚਾਰ] ਨਹੀਂ ਅੰਤੁ ਪਾਇਓ ।	[ਉਚਰੈਥ]
੬੯੧/੧੮	ਸਦਾ ਸਦਾ ਸਿੰਮ੍ਰਿਤਬ ਸੁਆਮੀ	[ਸਿਮਰੰਤ]
੬੯੫/੫	ਤਾ ਚੇ ਰੇ ਸੁਆਰਥੀ	ਸਾਰਥੀ
	ਜੈਤਸਰੀ	
੬੯੬/੧	ਜੈਤਸਰੀ ਮਹਲਾ ੪ [ਘਰੁ ੧ ਚਉਪਦੇ] ੧ੴ ਸਤਿਗੁਰ ਪ੍ਰਸਾਦਿ ॥	੧ੴ ਸਤਿਨਾਮੁ ਕਰਤਾ ਪੁਰਖ ਨਿਰਭਉ ਨਿਰਵੈਰ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥ [ਰਾਗਿ] ਜੈਤਸਰੀ ਮਹਲਾ ੪ [ਚਉਪਦੇ ਘਰੁ ੧] ॥
	ਰਾਗੁ ਟੋਡੀ	
੭੧੫/੧੭	ਗਾਲੀ ਹਰਿ ਨੀਹੁਨ ਹੋਇ [ਨੇਹੁ]	[ਨੇਹੁ]

ਪੰਨਾ ਸਤਰ	ਛਪ ਰਹਿਆ ਪਾਠ	ਸ਼ੁੱਧ ਪਾਠ
੭੧੯/੧	[ਰਾਗੁ] ਬੈਰਾੜੀ ਮਹਲਾ ੪ ਘਰੁ ੧ ਦੁਪਦੇ ॥ ੧ੴ ਸਤਿਗੁਰ ਪ੍ਰਸਾਦਿ ॥	੧ੴ ਸਤਿਨਾਮੁ ਕਰਤਾ ਪੁਰਖ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥ [ਰਾਗਿ] ਬੈਰਾੜੀ ਮਹਲਾ ੪ ਦੁਪਦੇ ਘਰੁ ੧
੭੨੦/੧੩	ਅਗਨਿ ਕੁੰਟ ਮਹਿ ਉਰਧ ਲਿਵਲਾਗਾ	[ਕੁੰਡ]
	ਰਾਗੁ ਬਿਲਾਵਲੁ	
੮੩੯/੧੪	ਇਕਿ ਭੂਮਿ ਭੂਖੇ ਮੋਹਿ ਪਿਆਸੇ ।;	[ਭੂਲੇ]
੮੪੮/੯	ਕਾਇਆ [ਕਾਕ] ਗੁਸਨਰਹਾਰਾਮ ।	[ਕਾਲਿ]
੮੫੦/੧੯	ਸਚੀ ਭਗਤਿ (ਜਿਸੁ) ਦੇਇ ॥	[ਜਿਨ]
	ਰਾਗ ਗੋਂਡ	
੮੬੮/੨੧	(ਪ੍ਰਾਤਮਾ) ਪਾਰ ਬ੍ਰਹਮ ਕਾ ਰੂਪ ॥	(ਆਤਮਾ)
੮੭੧/੩	ਬਾਂਧਿਪੋਟ (ਕੁੰਚਰ) ਕਉ ਦੀਨਾਂ	(ਕੁੰਜਰ)
੪	(ਕੁੰਚਰ) ਲੈ ਲੈ ਨਮਸਕਾਰੇ ।	(ਕੁੰਜਰ)
	(ਰਾਗੁ ਰਾਮਕਲੀ)	
੮੭੯/੯	ਚਾਰੇ (ਕੁੰਡਾ) ਭਾਲੇ ।	(ਕੁੰਟਾਂ)
੮੮੧/੨੧	ਹਰਿਜਨ ਅੰਮ੍ਰਿਤ (ਕੁੰਟ) ਸਰਨੀਕੇ ।	(ਕੁੰਡ)
੯੦੫/੧੧	ਚਾੜ ਸਿਪਵਨੁ ਸਿੰਘਾਸਨੁ ਭੀਜੈ ।	(ਸਿੰਧਾਸਨਿ)
੯੨੯/੪	ਰੁਤਿ (ਸਿਸੀਅਰੁ)	(ਹਿਮਕਰ)
੧੨	(ਹਿਮਕਰ) ਰੁਤਿ ਮਨਿ ਭਾਵਤੀ	(ਸਿਸੀਅਰ)
੯੫੧/੧੬	ਤਿਨ ਵਾਤ (ਸਿਪੀਤੀ)	ਸਿਫੀਤੀ-ਸਿਫਤੀ
੯੫੩/੨੩	(ਗੁਰ ਪ੍ਰਸਾਦੀ) ਸਾਲਾਹੀਐ	(ਗੁਰਸਬਦੀ)
੯੫੪/੮	ਮ: ੨॥ ਜਪੁ ਤਪੁ ਸਭੁ ਕਿਛੁ	(ਮ: ੧॥ ਮ: ੩)

ਪੰਨਾ ਸਤਰ	ਛਪ ਰਹਿਆ ਪਾਠ	ਸ਼ੁੱਧ ਪਾਠ
੧੩	ਸਲੋਕ (ਮ: ੨) ॥ ਨਾਨਕ ਅੰਧਾ ਹੋਇਕੈ ।	(ਮ: ੩)
੧੫	(ਮ: ੨) ਰਤਨਾ ਕੇਰੀ ਗੁਥਲੀ	(ਮ: ੩)
੬੫੭/੨੦	ਰਿਜਕੁ (ਸਮਾਹੀਐ) ॥	(ਸੰਬਾਹੀਐ)
੬੬੫/੧੪	ਮਹਲਾ ੫॥ ਕਬੀਰਾ ਹਮਰਾ ਕੋ ਨਹੀ ।	ਸਲੋਕ ਕਬੀਰ ੨੧੪ਪੰਨਾ ੧੩੭੫
੨੨	ਮਹਲਾ ੫॥ ਕਬੀਰ ਧਰਤੀ ਸਾਧ	੩੧੦॥੧੩੭੫
੨੩	ਮਹਲਾ ੫॥ ਕਬੀਰ ਚਾਵਲ ਕਾਰਨੇ	੨੧੧॥੧੩੭੫
੬੬੬/੨	ਜੋ (ਨਰ) ਪੀਰ ਨਿਵਾਜਿਆ	(ਜਨ)
੬੭੦/੧੩	ਪਾਂਡੇ ਡੂਬਿ ਮਰਹਿ ॥੩॥੫॥	੩॥ਅਖਰ ਸਾਚੇ ਬੇਦ ਭੀ ਸਾਚਾ ਤਿਨਕਾ ਕਹਿਆ ਤੂ ਨ ਕਰਹਿ ॥ ਕਹਤੁ ਕਬੀਰ ਸੁਨਹ ਰੇ ਸੰਤਹੁ ਭਾਰੁ ਉਠਾਈ ਲੀਦੇ ਫਿਰਹਿ ।
	ਰਾਗੁ ਨਟ ਨਾਰਾਇਨੁ	
੬੭੫/੨੦	ਹਮਰੈ ਸੁਆਮੀ ਲੋਚ (ਹਮ ਲਾਈ)	[ਹਰਿਲਾਈ]
੬੮੨/੨੩	(ਆਪੇ ਆਪਿ ਸਭੁ) ਵਰਤੈ	(ਪ੍ਰਭੁ)
	ਰਾਗੁ ਮਾਲੀ ਗਉੜਾ	
੬੮੭/੧੫	ਮਾਲੀ ਗਉੜਾ (ਮਹਲਾ ੫) ਸਭ ਕੈ ਸੰਗੀ	(ਮਹਲਾ ੫ ਘਰੁ ੩)
੨੪	ਮਾਲੀ ਗਉੜਾ ਮਹਲਾ ੫ ਦੁਪਦੇ (ਹਰਿ)	ਮਹਲਾ ੫ ਦੁਪਦੇ (ਘਰੁ ੧)
	ਰਾਗੁ ਮਾਰੂ	
੬੬੪/੨੮	(ਨਾ ਤਿਸੁ ਤਿਲੁ) ਨ ਤਮਾਇ	(ਤਿਸ ਨੋ ਤਿਲੁ ਨ)
੧੦੧੯/੧੭	ਘਟਿ ਘਟਿ ਰਾਮ (ਹਿਆਲੀਐ)	(ਨਿਹਾਲੀਐ)
੧੦੨੧/੧੧	(ਨਾ ਤਿਸੁ) ਤਿਲੁ ਨ ਤਮਾਇ	(ਤਿਸਨੋ)
੧੦੩੭/੨੮	ਸਾਮਵੇਦੁ (ਰੁਗੁ) ਜੁਜਰੁ ਅਥਰ ਬਣ)	(ਰਿਗੁ)
੧੦੪੧/੧੬	ਜੋ ਬ੍ਰਹਮਡਿ (ਖੰਡਿ) ਸੋ ਜਾਣਹੁ ॥	(ਪਿੰਡਿ)
੧੦੪੫/੬	ਸਤਿਗੁਰ ਸੇਵਿ ਸਦਾ (ਸੁਖੁ ਜਾਤਾ)	(ਸੁਖਦਾਤਾ)
੧੦੬੫/੩	ਗੁਰਬਾਣੀ ਚਹੁ ਕੁੰਡੀ ਸੁਣੀਐ	(ਕੁੰਟੀ)

ਪੰਨਾ ਸਤਰ	ਛਪਿ ਰਹਿਆ ਪਾਠ	ਸੁੱਧ ਪਾਠ
੧੦੬੮/੭	ਅੰਤਰਿ (ਅਗਿਆਨੁ) ਸਬਦਿ ਬੁਝਾਏ	(ਸੁਗਿਆਨੁ)
੧੦੯੪/੪	ਗੁਰ ਕੈ ਹੇਤਿ (ਅਪਾਰਿ)	(ਪਿਆਰਿ)
੧੦੯੭/੨੨	ਮ: ੫ ॥ ਨਾਨਕ ਜਿਸੁ ਬਿਨੁ	ਮ: ੪॥ ਵਾਰ ਸਾਰੰਗ ਪਉੜੀ ੩੪ (ਪੰਨਾ ੧੨੫੦/੧੫
੧੧੦੦/੧੩	(ਰੰਗ ਤੁੰਗ ਗਰੀਬ ਮਸਤ)	(ਰੰਕ)
੧੧੦੭/੧	ਤੁਖਾਰੀ (ਛੰਤ) ਮਹਲਾ ੧ ਬਾਰਹ ਮਾਹਾ ੧ ੴ ਸਤਿਗੁਰ ਪ੍ਰਸਾਦਿ ॥	੧ੴ ਸਤਿਨਾਮੁ ਕਰਤਾ ਪੁਰਖ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥ ਤੁਖਾਰੀ ਮਹਲਾ ੧ (ਛਤ) ਬਾਰਹ ਮਾਹਾ ॥
੧੧੧੨/੧	ਕੇਦਾਰਾ ਮਹਲਾ ੪ ਘਰੁ ੧। ੧ੴ ਸਤਿਗੁਰ ਪ੍ਰਸਾਦਿ	੧ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ । ਕੇਦਾਰਾ ਮਹਲਾ ੪ ਚਉਪਦੇ ਘਰੁ ੧ ।
੧੧੧੯/੬	ਅਬ ਗੁਰ ਪਾਇਓ ਹੈ [ਸਹਜ] ਸੁਖਦਾਇਕ	[ਸਰਬ]
	[ਰਾਗੁ ਭੈਰਉ]	
੧੧੩੫/੧੧	ਮੀਤ ਹੀਤ ਧਨੁ ਨਹ [ਪਾਰਣਾ]	[ਪਰਾਣਾ]
੧੧੩੭/੮	ਜਿਨ [ਜਪਿਆ] ਗਤਿ ਹੋਇ	[ਮਿਲਿਆ]
੧੧੬੨/੨੦	ਸੋਹੰ ਸੋ ਜਾਕੋ ਹੈ ਜਾਪ।	[ਹੰਸਾ]
	ਰਾਗੁ ਬਸੰਤ	
੧੧੮੮/੧੩	ਤੂ ਅਭੁਲੁਭੂਲੋ ਕਦੇ ਨਾਹਿ।	[ਕਦੇ ਭੂਲਹਿ] ਨਾਹਿ।

ਪੰਨਾ ਸਤਰ	ਛਪ ਰਹਿਆ ਪਾਠ	ਸ਼ੁੱਧ ਪਾਠ
੧੧੯੯/੧੬	ਗੁਰ (ਦੀਆ) ਸਚੁ ਅੰਮ੍ਰਿਤ ਪੀਓ ।	[ਦੀਖਿਆ]
	ਰਾਗੁ ਸਾਰੰਗ	
੧੨੩੭/੨੭	ਸਲੋਕ [ਮਹਲਾ ੨] ॥ ਆਪਿਉਪਾਏਨਾਨਕਾ ।	[ਮ: ੧]
੧੨੪੩/੧	ਖਾਣਾ ਖਾਜੁ [ਅਹਾਜੁ]	[ਅਖਾਜੁ]
੧੨੪੬/੨	ਇਕਨਾ ਨਾਦ ਨ ਬੇਦ [ਨਗੀਅਰਸ]	[ਗੀਤਰਸੁ]
੧੨੫੧/੬	[ਪਉੜੀ ਮ: ੫] ਸਚੁ ਖਾਣਾ	[ਪਉੜੀ]
	ਰਾਗੁ ਮਲਾਰ	
੧੨੫੫/੨੨	ਜੁਗਿ ਜੁਗਿ ਭਗਤਿ [ਸੁਭਾਵੀ]	[ਸੁਹਾਵੀ]
੧੨੫੬/੨੦	ਵੈਦ ਨ ਭੋਲੇ ਦਾਰੂ ਲਾਇ	ਇਕ ਤੁਕ ਵਾਧੂ ਛਪੀ ਹੈ
੧੨੫੭/੮	ਨਾਨਕ ਜਨਨੀ [ਧੰਨੀ] ਮਾਇ	[ਧੁਨਿ ਹੈ]
੧੨੬੪।੭	ਬਹੁ ਬਿਧਿ ਸਤਿ ਕਰਿ [ਸੰਚਹੁ]	[ਸਿੰਚਹੁ]
੧੨੬੯ ੧੫	[ਬਹੁਰਿ ਨ ਜੋਨੀ [ਮਾਟ] ॥੨॥੧੦॥੧੪॥	[ਜੋਨੀ ਬਾਟਿ]
੧੨੭੪/੬	ਕਾਲ ਬਿਕਾਲ ਭਰਮ (ਭੈ ਖੰਜਨ)	(ਭੈ ਭੰਜਨ)
੧੩੭੭/੧੭	ਸਾਚੀ (ਗ਼ਤਿ) ਸਾਚੇ ਚਿਤੁ ਲਾਏ	(ਭਗਤਿ)
੧੨੭੮/੨੬	ਸਲੋਕ (ਮਹਲਾ ੩ ॥) ਗੁਰਿ ਮਿਲਿਐ	(ਮ: ੧)
੧੨੮੬/੧੫	ਅਧੁ (ਗੁਲਾ) ਚਿੜੀ ਕਾ ਚੁਗਣੁ	(ਗਲੋਲਾ)
੧੨੮੮/੨੦	ਫਕੜੁ ਪਿਟੇ (ਅੰਧੁ)	(ਧੰਧੁ)
੧੨੯੨/੪	ਜਾਂਚੈ ਘਰਿ (ਲਛਿਮੀ) ਕੁਆਰੀ	(ਲਖਮੀ)
੮	ਪਾਪ ਪੁੰਨ ਜਾਚੈ ਡਾਗੀਆ	ਡਾਂਡੀਆ
੧੨੯੩/੧੩	ਤਾਸਕੀ ਜਾਤਿ (ਆਛੋਪ) ਛੀਪਾ	(ਅਛੋਤ)
	ਰਾਗੁ ਕਾਨੜਾ	
੧੩੦੪/੫	ਅਵਲੋਕਉ ਮੁਖਾ ਬਿੰਦ ॥ ਖੋਜਤ ਖੋਜਤਰਤਨੁ ਪਾਇਓਬਿਸਰੀਸਭਚਿੰਦ॥੧॥ਰਹਾਉ॥	ਮੁਖਾਬਿੰਦ ॥੧॥ਰਹਾਉ॥ ਸਭਚਿੰਦ॥ ਚਰਨ ਕਮਲ ਰਿਦੈ
੧੩੧੭/੪	(ਭਾਗ ਵਸੈ) ਵਡ ਭਾਗਿ	(ਮਨ ਵਸੈ)

ਪੰਨਾ ਸਤਰ	ਛਪ ਰਹਿਆ ਪਾਠ	ਸ਼ੁੱਧ ਪਾਠ
	ਰਾਗੁ ਪ੍ਰਭਾਤੀ	
੧੩੩੦/੨੮	ਮਨਮੁਖੁ (ਖੂਲ੍ਹ) ਮਹਾ ਬਿਖੁ ਖਾਇ	(ਭੂਲਿ)
੧੩੩੧/੧੭	(ਜੋਗ) ਬਿਨੋਦਸ੍ਵਾਦ ਅਨੰਦਾ	(ਚੋਜ)
੧੩੩੩/੫	(ਸੁਖ ਸੀਗਾਰੁ) ਸਤਿਗੁਰੂ ਦਿਖਾਇਆ	(ਸਚੁ ਸੀਂਗਾਰੁ)
੧੩੩੭/੨੪	ਇਕ ਖਿਨ ਮਹਿ (ਧੋਵੈ)	[ਖੋਵੈ]
੧੩੫੧/੨੪	ਸਭ ਫੋਕਟ (ਧਰਮ) ਅਬੀਨਿਆ	[ਕਰਮ]
	ਸਲੋਕ ਕਬੀਰ ਜੀ ਕੇ	
੧੩੭੧/੧੯	ਜਉ ਬੀਚਿਨ ਖਾਹੀ (ਕਾਂਬ)	[ਕਾਂਵ]
	ਸਲੋਕ ਸੇਖ ਫਰੀਦ ਜੀ ਕੇ	
੧੩੭੭/੨੬	ਵਾਲਹੁ ਨਿਕੀ (ਪੁਰਸਲਾਤ)	[ਪੁਲਸਿਰਾਤ]
੧੩੮੩/੭	ਚਾਰੇ (ਕੁੰਡਾ) ਢੂਢੀਆ	[ਕੁੰਟਾ]
੧੩੮੪/੨	੧੧੨ ਦਾਤੀ ਸਾਹਿਬ ਸੰਦੀਆ	੧੧੨॥ਮ:੧॥ਦਾਤੀ
੬	ਸਬਰ ਕਾ (ਨੀਹਣੋ) ੧੧੫	[ਕਾਂਨੀ ਹਣਉ]
੧੩੮੪/੧੩	੧੧੯ ਤਨੁ ਨ ਤਪਾਇ ਤਨੂਰ ਜਿਉ	[੧੧੯॥ਮ:੧] ਤਨੁ ਨ
੧੬	੧੨੨ ਮੈ ਜਾਣਿਆ ਵਡਹੰਸ ਹੈ	[੧੨੨॥ਮ:੩] ਮੈਂ ਜਾਣਿਆ
੧੮	੧੨੩ ਕਿਆ ਹੰਸੁ ਕਿਆ ਬਗਲਾ	[੧੨੩॥ਮ:੧] ਕਿਆ ਹੰਸੁ
	ਸਵਈਏ ਕਲਜ ਭਟ ਤਥਾ	
੧੩੮੯/੨੦	ਗਾਵਹਿ ਜਨ ਕਾਦਿ (ਜੁਗਤਿ) ਜੋਗੇਸੁਰ	[ਭਗਤ]
੧੩੯੨/੧੯	ਸੁ ਕਹੁ (ਟਲ) ਗੁਰੁ ਸੇਵੀਐ	ਸੁਕਹੁ [ਕਲਜ]
੧੩੯੪/੨੪	ਸੁਮਤਿ (ਜਲ) ਜਾਣੀ ਜੁਗਤਿ	[ਜਲ ਜਾਲਪ ਦਾ ਸੰਖੇਪ ਹੈ]
੧੩੯੬/੬	ਭਲਉ (ਭੂਹਾਲ) ਤੇਜੋ ਤਨਾ	ਭਲੌ [ਭੂਆਲੁ]
		ਭੂਪਾਲ ਦਾ ਅਨਰੂਪ
੧੩੯੭/੨੨	ਅਮਿਅਧਾਰਾ ਰਸੁ (ਗੁਟਇ)	[ਘੁਟਇ]
੧੪੦੧/੧੭	ਕਵਲ ਨੈਨ ਮਧੁਰ ਬੈਨ (ਕੋਟਿ ਸੈਨ)	[ਕੋਟਿਮੈਨ]
੧੪੦੧/੧੮	ਦੇਖ ਰੂਪ ਅਤਿ ਅਨੂਪ ਮੋਹ ਮਹ (ਮਗ) ਭਈ	[ਮਗਨ ਭਈ]

ਪੰਨਾ ਸਤਰ	ਛਪ ਰਹਿਆ ਪਾਠ	ਸ਼ੁੱਧ ਪਾਠ
੧੪੦੩/੬	ਬਜੀ ਡੰਕ (ਚੜ੍ਹ) ਦਲ ਰਵਿੰਦ ਜੀਉ	[ਚੜਤ ਦਲ]
੧੪੦੬/੧੯	ਕਲਾਧਰੀ ਤ੍ਰਿਹੁ (ਲੋਅਹ)	[ਲੋਗਹ]
੨੦	ਜਰਾ ਜੇਮਿਹਿ ਅਰੋਅਹ	[ਆਰੋਗਹ]
	ਸਲੋਕ ਵਾਰਾਂ ਤੋਂ ਵਧੀਕ	
੧੪੧੧/੧੫	ਪਿਰਮ (ਪੈਕਾਮੁਨ) ਨਿਕਲੈ	[ਤੀਰ]
੧੪੧੨/੧੬	੨੯॥ (ਮਹਲਾ ੧॥) ਉਦੋਸਾਹੈ	੧ੴ ਸਤਿਗੁਰ ਪ੍ਰਸਾਦਿ ਸਲੋਕ ਮਹਲਾ ੨॥ ਉਦੋ ਸਾਹੈ
੧੪੧੪/੪	ਗੁਰਮਤੀ ਭਉ ਮਨਿ (ਪਵੈ) ੧੩	[ਵਸੈ ੧੨]
੨੧	ਕੀਤਾ ਕਰਤਿਆ ਬਿਰਥਾ ਗਇਆ	[ਕਤਰਿਆ]

—o—

ਸ਼ਬਦ ਜੋ ਛਪ ਨਹੀਂ ਰਹੇ

ਗੁਰਮਤ ਪ੍ਰੈਸ ਅੰਮ੍ਰਿਤਸਰ ਦੇ ਮਾਲਿਕ ਤੇ ਮੈਨੇਜਰ ਭਾਈ ਬੁੱਧ ਸਿੰਘ ਦੇ ਕਥਨ ਅਨੁਸਾਰ, ਛਪ ਰਹੇ ਸ੍ਰੀ ਗੁਰੂਗ੍ਰੰਥ ਸਾਹਿਬ ਗਿਆਨੀ ਸੰਤ ਸਿੰਘ ਕਥਾ ਵਾਚਕ ਸ੍ਰੀਦਰਬਾਰ ਸਾਹਿਬ ਵੱਲੋਂ ਤਿਆਰ ਕੀਤੇ ਅਤੇ ਕਰਤਾਰਪੁਰੀ ਬੀੜ ਨਾਲ ਸੋਧੇ ਹੋਏ ਸਰੂਪ ਹਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਵੀ ਮੁਨਸ਼ੀ ਗੁਲਾਬ ਸਿੰਘ ਦੇ ਮੁਫੀਦ ਆਮ ਪ੍ਰੈਸ ਲਾਹੌਰ ਵਿੱਚ ਛਪੇ ਗੁਰੂ ਗ੍ਰੰਥ ਸਾਹਿਬ ਨੂੰ ਕਰਤਾਰਪੁਰੀ ਬੀੜ ਨਾਲ ਸੋਧਣ ਦਾ ਦਾਵਾ ਕੀਤਾ ਹੈ ਲੇਕਿਨ ਸੰਥਾ ਸੈਂਚੀਆਂ ਸੋਧਣ ਸਮੇਂ ਅਸਾ ਪ੍ਰਾਚੀਨ ਲਿਖਤੀ ਸੰਚਿਆਂ ਨਾਲ ਜੋ ਮੁਕਾਬਲਾ ਕੀਤਾ ਹੈ ਉਸ ਦਾ ਨਤੀਜਾ ਇਨ੍ਹਾਂ ਦਾਅਵਿਆ ਦੇ ਅਨਕੂਲ ਨਹੀਂ। ਮ੍ਰਿਯਾਦਾ, ਕਰਮ ਤੇ ਪਾਠ ਭੇਦ ਤੋਂ ਬਿਨਾਂ ਹੋਰ ਅਨੇਕਾਂ ਗੁਰ ਸ਼ਬਦ ਜੋ ਪ੍ਰਚਲਤ ਸਰੂਪਾਂ ਵਿਚ ਛਪ ਹੀ ਨਹੀਂ ਰਹੇ ਜਿਵੇਂ ਕਿ-- ਗਉੜੀ ਕਬੀਰ ਜੀਉ

੩੩੪।੨੨। ਗਗਨ ਮੰਡਲ ਮਹਿ ਏਕੋ ਸੋਈ; ਹੁਕਮੇ ਰਹਿਆ ਸਮਾਈ ॥
ਗੁਰ ਪ੍ਰਸਾਦੀ ਹੁਕਮੇ ਬੂਝੈ; ਇਹੁ ਸੰਸਾ ਇਉ ਜਾਈ ॥੪॥
ਨ ਕਿਛੁ ਤੁਟੈ ਨ ਕਿਛੁ ਬਿਨਸੈ ਮੂਲ ਪਛਾਣਹੁ ਭਾਈ ॥
ਅਨੇਕ ਅਸੰਖ ਖੇਲ ਹਹਿ ਤਿਸਕੇ ਗਣਤਨ ਕਰਹੁ ਏਕ ਲਿਵ ਲਾਵਹੁ,
ਸਹਜੇ ਰਹਹੁ ਸਮਾਈ ॥੫॥੫੨॥

ਸੋਢੀ ਤੀਰਥ ਦਾਸ ਲਹੌਰੀ ਵਾਸੀ ਵਾਲੀ ਦਾ ਲਿਖਿਆ ਗ੍ਰੰਥ ਨੰਬਰ ॥੧੭॥੩੪॥

ਗਉੜੀ ਕਬੀਰ ਜੀਉ ॥੩੩੪॥੨੨॥

ਗਗਨ ਮੰਡਲ ਮਹਿ ਏਕੋ ਸੋਈ; ਹੁਕਮੇ ਰਹਿਆ ਸਮਾਈ ॥
ਗੁਰ ਪ੍ਰਸਾਦੀ ਹੁਕਮੈ ਬੂਝੈ ਇਹੁ ਸੰਸਾ ਇਉਂ ਜਾਈ ॥੪॥
ਨਾ ਕਿਛੁ ਤੂਟੈ ਨ ਕਿਛ ਬਿਨਸੈ ਮੂਲ ਪਛਾਣਹੁ ਭਾਈ ॥
ਅਨੇਕਅਸੰਖ ਖੇਲਹਹਿ ਤਿਸਕੇ,ਗਣਤਕਰਹੁ ਏਕ ਲਿਵਲਾਵਹੁ ਸਹਜੇ ਰਹਹੁ ਸਮਾਈ ॥੫॥੫੨॥

ਗਉੜੀ ਕਬੀਰ ॥੩੩੬ ।੨। ਮਨ ਬਉਰਾਰੇ ॥ ਦੁਰਲਭ ਦੇਹ ਕੋ ਕਾਜ ॥ ਨਿਰ ਭੈ ਹੋਇ ॥੧॥ ਰਹਾਉ ॥ ਸੰਤ ਗੁਲਾਬ ਸਿੰਘ ਦਮਦਮੀਏ ਦੇ ਲਿਖੇ ਗ੍ਰੰਥ ਵਿਚ। ਸਹੀਉ ਸਲਾਮਤ ਹੈ। ਗੁਰਦੁਆਰਾ ਪਾਡਲ ਸਾਹਿਬ ਮੰਡੀ। ਪਤਿ ੨੧੭ ।੩੩੭।੧੧। ਰਹਾਉ ਦੀ ਆਖਿਰੀ ਪੰਗਤੀ ਛੋਡਿ ਮਾਇਆ ਕੇ ਧੰਧ ਸੁਆਉ ॥੧॥ ਰਹਾਉ ॥ ਅਨੇਕਾਂ ਬੀੜਾਂ ਵਿਚ ਹੈ।

੩੪੪।੧੩। ਗਉੜੀ ਕਬੀਰ ਜੀਉ ਕੇ ਵਾਰ ਸਤ ॥

ਧਰਿ ਅੰਬਰੁ ਵਿਚਿ ਬੇਲੜੀ : ਤਿਹ ਲਾਲ ਸੁਗੰਧਾ ਫੂਲ ॥
ਅਖਰ ਓਹ ਲਖਿਓ ਨਹੀ : ਰੋਜਾ ਕਰੇ ਕਬੂਲ ॥੧॥ ਤੋਂ ਅਰੰਭ ਹੁੰਦੇ ਹਨ ॥
ਗਿਆਨੀ ਸਰਦੂਲ ਸਿੰਘ ਵਾਲਾ ਗ੍ਰੰਥ ਨੰਬਰ ੧੭॥

ਆਸਾ ਸ੍ਰੀ ਕਬੀਰ ਜੀਓ ਕੇ ਦੁਪਦੇ। ੪੮੬।੧੧ ਆਸਾ ॥ ਦੇਖਹੁ ਲੋਗਾ ਰਾਮ ਕੀ ਸਗਾਈ। ਮਾਂਧਰਿ ਪੂਤ ਧੀਆ ਸੰਗਿ ਜਾਈ ॥੧॥ ਰਹਾਉ ॥ ਹਮਹਿ ਬਾਪੁ ਰਾਮ ਪੂਤ ਹਮਾਰਾ ॥ ਮੈਂ ਬਹਨੋਈ ਰਾਮੁ ਮੋਰਸਾਰਾ ॥੧॥ ਅਬ ਮੇਰੀ ਰਾਮ ਕਹੈਗੀ ਬਲਈਆ। ਰਾਮ ਮੇਰੋ ਸਸੁਰ ਮੈਂ ਰਾਮ ਜਵਈਆ ॥੨॥ ਕਹਤ ਕਬੀਰ ਸੁਨਹੁ ਰੇ ਪੂਤਾ। ਰਾਮ ਜਪਹਿ ਤੇਈ ਨਰਕੂਤਾ ॥੩॥੨॥੩੫॥

ਇਹ ਸ਼ਬਦ ਕਰਤਾਰਪੁਰੀ ਬੀੜ ਵਿਚੋਂ ਲੈਕੇ ਕਈਆਂ ਲਿਖਾਰੀਆਂ ਨਕਲ ਕੀਤਾ ਹੈ ਜਿਵੇਂ ਕਿ ॥੧॥ ਰਾਜ ਮਹਲ ਮੋਤੀ ਬਾਗ ਪਟਿਆਲਾ ਵਿਚ ਸੁਰੱਖਿਤ ਗ੍ਰੰਥ ਸਾਹਿਬ। ਪਤ ॥੨੯੦॥ਅ॥੨॥ ਰਾਮ ਗੜ ਲੁਠੇੜੀ ਵਾਲੇ ਸਰਦਾਰਾਂ ਦਾ ਲਿਖਵਾਇਆ ਗ੍ਰੰਥ।

ਗੁਜਰੀ ਤ੍ਰਿਲੋਚਨ ॥੫੨੬॥ਸਤ੍ਰ ॥੭॥

(ਭਾਈ ਬਿਧੀ ਚੰਦ ਵਾਲੀ ਪੋਥੀ ਵਿਚ ਹੈ ਇਹ ਸਬਦ)

ਨਵ ਨਿਧੀ ਪਰਸੀ ਕਾਹਿਰੇ : ਚਿੰਤ ਅਚਿੰਤ ਕਲਪ ਤਰੋ ॥
ਕੇਣ ਪਾਸਿ ਹਉ ਮਾਂਗਤ ਆਛਉ; ਮੇਰਾ ਪ੍ਰਭੁ ਲਾਜੈ ਲਾਛ ਬਰੋ ॥

ਗੋਬਿੰਦ ਗੋਬਿੰਦ ਗੋਬਿੰਦੇ ਗੋਬਿੰਦ ਬਿਨੁਮੈ ਅਵਰ ਨ ਜਾਚਉ, ਨਾਮ ਵਖਾਣਹੁ ਗੋਬਿੰਦ ਕਾ ॥੧॥ ਰਹਾਉ ॥ ਗੋਬਿੰਦ ਕੇਰੀ ਮੁਕਤੀ ਦਾਸੀ, ਸੰਨਿਆਸੀ ਸਿਵ ਰਾਚੀਲੇ ॥

ਤਾਚੀ ਦਾਸੀ ਅਸਟ ਮਹਾਂ ਸਿਧਿ : ਨਾਹੀ ਕਾਜੁ ਹਮਾ ਤਿਸ ਸੇਤੀ ॥੨॥
ਧਾਤੁਰ ਬਾਜੀ ਰਸਾ ਉਪਜੀਲੇ ਤਜਿਲੇ ਇਹਿ ਕੁਬੁਧੀ ॥
ਮਨ ਭੀਤਰ ਬੀਚਾਰਨ ਦੇਖਹਿ, ਗੋਬਿੰਦ ਭਗਤਿ ਭਲੀ ਰਸੁ ਸੁਧੀ ॥੩॥
ਗੋਬਿੰਦ ਕੇਰੀ ਬਾਤ ਸੁਣੀਜੈ; ਕਹੁ ਕਿਨਿ ਦੇਖਿਆ ਨੈਣੀ ॥
ਗੋਬਿੰਦ ਨਾਮ ਚਰਿਤ੍ਰ ਸਦਾ ਹਹਿ ਗੋਬਿੰਦ ਸਦਾ ਸੰਤ ਕੀ ਬੈਣੀ ॥੪॥
ਗੋਬਿੰਦ ਕੇਰੀ ਭਾਉ ਭਾਗਵਤੁ : ਮਾਨ ਮਛਰ ਮਦ ਰਹਤਾ ॥
ਬਦਤ ਤ੍ਰਿਲੋਚਨ ਸੁਨ ਰੇ ਪ੍ਰਾਣੀ : ਮਾਗਉ ਜੋ ਸੰਸਾਰਿ ਬਿਰਕਤਾ ॥੫॥੨॥

ਇਹ ਸ਼ਬਦ ਅਨੇਕਾਂ ਪ੍ਰਾਚੀਨ ਗੁਰ ਸ਼ਬਦ ਸੰਚੀਆਂ ਵਿਚ ਦਰਜ ਹੈ ਜਿਹਾ ਕਿ : ॥੧॥ ਲਾਹੌਰੀ ਬੀੜ । ਪਤਿ : ।੨੯੫॥੨। ਬੂੜੇ ਸੰਧੂ ਲਿਖਤ ਗ੍ਰੰਥ ਪਤਿ ॥੨੫੧॥

ਵਡਹੰਸ ਮਹਲਾ ੧ ਘਰੁ ੨ ॥੫੫੮॥ ਸਤ੍ਰ ੧੧ ॥ ਇਸ ਸ਼ਬਦ ਦੀ ਆਖਿਰੀ ਤੁਕ ਛੁਟੀ ਹੋਈ ਹੈ । ਜੋ ਮੀਣੇ ਸੋਢੀ ਮਨੋਹਰ ਦਾਸ ਮਿਹਰਵਾਨ ਦੀ ਲਿਖੀ ਗੋਸਟਿ ਸਤਿਗੁਰ ਬਾਬਾ ਨਾਨਕ ਵਿੱਚ ਐਉਂ ਪੂਰੀ ਕੀਤੀ ਗਈ ਹੈ : ਆਪਣੇ ਪਿਰ ਭਾਈ ਸਹਜਿ ਬੁਲਾਈ ਨਾਨਕ ਸੰਗਿ ਸਮਾਣਾ ॥੧॥੩॥ ਇਸ ਤਰ੍ਹਾਂ ਛੰਦ ਦੇ ਆਖਿਰੀ ਬੰਦ ਦਾ ਤੁਕਾਂਤ ਮਿਲ ਕੇ ਘਾਟ ਭੀ ਪੂਰੀ ਹੋ ਜਾਂਦੀ ਹੈ ।

੫੨੫। ਸਤ੍ਰ॥੨੨॥ ਸੋਰਠਿ ਮਹਲਾ ੫ ॥
ਸੰਤ ਜਨਾਂ ਸਿਉ ਦੁਖਨ ਕਰਤਾ ॥ ਤਿਨਿ ਕਰਤੇ ਆਪਿ ਪਚਾਇ ॥੧॥ ਰਹਾਉ ॥
ਸੰਤਨ ਕਾ ਸਾਹਿਬ ਸਭ ਊਪਰਿ ॥ ਉਨ ਕਉ ਕੋਇ ਨ ਪਹੁਚਨਹਾਰਾ ॥
ਨਾਮ ਧਨੁ ਸੰਤਨ ਕੈ ਪਾਲੈ ਅਖੁਟ ਭਰੇ ਭੰਡਾਰਾ ॥੧॥
ਜਿਸ ਕਾ ਗਰਬ ਕਰੇ ਉਹ ਪਾਪੀ ਤਿਨ ਹੀ ਮਾਰਿ ਪਛਾਰਿਆ ॥
ਜਿਉ ਕੁਠਾਰੁ ਕਰਿ ਧਰੇ ਬਢਾਈ ਸੂਕਾ ਕਾਸਟ ਖੰਡ ਖੰਡ ਕਰਿ ਡਾਰਿਆ ॥੨॥
ਮਾਣਸ ਸੇਵੇ ਸੋ ਦੁਖ ਪਾਏ ਹਰਿ ਦਾਸ ਸੋਹਿਲਾ ॥
ਪਾਪੀ ਪਾਪੁ ਰਹੈ ਸਿਰ ਊਪਰਿ ਊਠਿ ਸਿਧਾਰਿਓ ਇਕੇਲਾ ॥੩॥
ਸੁਨਹੁ ਸੰਤ ਲੋਕ ਸਭਿ ਸੁਨਿਅਹਿ ਨਾਨਕ ਕਹੈ ਵੀਚਾਰਾ ॥
ਜੋ (ਭਗਤਨ) ਸਿਉ ਕਰੇ (ਬਖੀਲੀ) ਸੋ ਪਰਮੇਸਰ ਮਾਰਾ ॥੧੫॥੬੫॥

ਇਹ ਸ਼ਬਦ ਭਾਈ ਗੁਰਦਾਸ ਵਾਲੀ ਮਿਸਲ ਤਿਆਰ ਹੋਣ ਤੋਂ ਬਾਅਦ ਸੰਮਤ ੧੬੫੮ ਬਿ: ੧੬੦੧ ਈ: ਵਿਚ ਬੈਰਾਗੀ ਭਗਤ ਕਾਨ੍ਹੇ ਲਹੌਰੀ ਦਾ ਸੰਬਦਾਇਕ ਅੰਤ ਹੋਣ ਪਰ ਉਚਾਰਨ ਹੋਇਆ ਸੀ ਇਸੇ ਕਰ ਕੇ ਗੁਰਬਾਣੀ ਦੇ ਆਦਿ ਗਰੰਥ ਮਿਸਲ ਗੁਰਦਾਸ ਭਲੇ ਕੀ ਵਿਚ ਨਹੀਂ

ਸੀ ਚੜ੍ਹਿਆ ਮਗਰੋਂ ਨਕਲ ਕਰਨ ਵਾਲੇ ਅਨੇਕਾਂ ਲਿਖਾਰੀਆਂ ਨੇ ਆਪਣੇ ਸੰਚਿਆਂ ਵਿਚ ਸ਼ਾਮਿਲ ਕਰ ਲਿਆ। ਜਿਵੇਂ :

੧ ਲਾਹੌਰੀ ਬੀੜ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਵਾਲੇ ਗ੍ਰੰਥ ਸੰਮਤ ੧੬੯੭ ਵਿਚ ਹੈ।

੨ ਭਾਈ ਹਰਿ ਦਾਸ ਲਿਖਤ ਸੰਮਤ ੧੭੩੩ ਵਿਚ ਸੰਪੂਰਨ ਹੋਏ ਗ੍ਰੰਥ ਵਿਚ ਹੈ।

੩ ਗੁਰਦੁਆਰਾ ਪਾਡਲ ਸਾਹਿਬ ਮੰਡੀ ਰਾਜ ਵਿਚ ਸਾਂਭੇ ਤੇ ਸੰਤ ਗੁਲਾਬ ਸਿੰਘ ਦਮਦਮੀਏ ਦੇ ਲਿਖੇ ਗਰੰਥ ਵਿਚ ਪਤਿ।

੪ ਸੋਥਾਂ ਸੈਂਚੀਆਂ ਦੀ ਸੁਧਾਈ ਲਈ ਚੁਣੇ ਗ੍ਰੰਥ ਵਿਚੋਂ ਨੰਬਰ ੧੨।੨੧। ਸੰਮਤ ੧੭੫੫। ਵਿਚ ਲਿਖਿਆ ਹੋਇਆ—ਪਤਿ ੨੩੦।ਅ, ਆਦਿ।

ਸੋਰਠਿ ਕੀ ਵਾਰ। ਪਉੜੀ।੨੯। ਨਾਲਿ॥

੬੫੩।ਸਤ੍ਰ।੨੫। ਮ: ੩। ਆਪੇ ਸੇਵਾ ਲਾਇਅਨ॥

ਆਪੇ ਦੇਇ ਵਡਿਆਈਆਂ, ਆਪੇ ਨਦਰਿ ਕਰੇਇ॥ ਸਭਨਾ ਕਾ।੨।

ਏਨਾਂ ਬੀੜਾਂ ਵਿਚ ਇਹ ਸਲੋਕ ਪੂਰਾ ਹੈ॥

੧ ਪਾਖਰ ਮਲ ਢਿਲੋਂ ਦਾ ਲਿਖਿਆ ਗ੍ਰੰਥ ਸੰਮਤ ੧੭੫੩।

੨ ਬਨਾਰਸੀ ਬੀੜ ਨੰਬਰ ੨੭।੬੨੮੧ ਨੰਬਰ ਲਾਇਬ੍ਰੇਰੀ ਅੰਮ੍ਰਿਤਸਰ ਵਿਚ।

੩ ਰਾਮ ਰ.ੜ ਵਾਲੇ ਸਰਦਾਰਾਂ ਦਾ ਨਕਲਾਇਆ ਗ੍ਰੰਥ ਨੰਬਰ ੬। ਮਿਸਲ ਖਾਰੇ ਕੀ। (ਪਤਿ ੩੩੬)

੪ ਸੰਮਤ ੧੮੪੬। ਵਿਚ ਸੰਪੂਰਨ ਹੋਇਆ ਗ੍ਰੰਥ ਨੰਬਰ ੩੦।੭੧੭ ਪਤਿ ੨੪੪। ਅ

੫ ੧੮੮੮ ਵਿਚ ਭਾਈ ਵਜੀਰ ਸਿੰਘ ਬੇਨੌ ਆਣੀਏ ਦਾ ਲਿਖਿਆ ਗ੍ਰੰਥ ਨੰਬਰ।

ਗੋਂਡ ਨਾਮ ਦੇਵ ਘਰੁ ੧॥

੮੭੪।ਸਤ੍ਰ ੧੦। ਵਿਚ ਸਬਦ ਦੇ ਅੰਤਿ ਇਹ ਤੁਕ ਹੋਰ ਹੈ :—

ਏਈ ਤੇ ਰਾਮਾ ਏਈ ਤੇ ॥੫॥੪॥

੧॥ਸੰਮਤ ੧੭੧੪ ਵਿਚ ਲਿਖੇ ਗਏ ਗ੍ਰੰਥ। ਖਾਰੇ ਕੀ ਮਿਸਲ ਵਿਚ ਹਾਸ਼ੀਏ ਤੇ ਲਿਖੀ ਹੈ। ੨ ਹੋਰਨਾਂ ਅਨੇਕਾਂ ਲਿਖਤੀ ਸੰਚਿਆ ਵਿਚ ਭੀ ਦਰਜ ਦੇਖੀ ਗਈ ਹੈ।

ਧਨਾਸਰੀ ਨਾਮ ਦੇਵ।

ਸਾਤ ਸਮੁੰਦ ਜਾ ਕੀ (ਹਹਿ) ਕਿਰਣੀ ਧਰਤੀ ਜਾਕੇ ਬੇਟੇ।
ਤਾਸੁਧਣੀ ਪਗੁ ਧੋਇ ਨ ਸਾਕਉ ਇਬੜੇ ਜਾਕੇ ਪੇਟੇ ॥੧॥
ਬਾਪ ਗੋਵਲੀਆ ਬਲਜਾਸਉ। ਮੈਂ ਤਉ ਭੂਲੜੀਆ ਲੋਟੇ ਸਿਉ ॥੧॥ ਰਹਾਉ

ਕਰਉ ਅਢਾਈ ਧਰਤੀ ਮਾਂਗੈ, ਬਾਵਨ ਰੂਪ ਅਨੰਤੋ ॥
ਤਾਸੁ ਧਣੀ ਪਗ ਧੋਇ ਨ ਸਾਕਉ : ਪਗੁ ਏਵਡੁ ਹੈ ਜਾਕਉ ॥੨॥
ਦਾੜਾ ਗ੍ਰਹਿ ਜਿਨਿ ਧਰਤੀ ਰਾਖੀ; ਬੈਰਾਹੁ ਰੂਪ ਅਨੰਤੋ ॥
ਤਾਸੁਧਣੀ ਪਗੁ ਧੋਇ ਨ ਸਾਕਉ; ਇਬੜੋ ਜਾਕੇ ਦੰਤੋ ॥੩॥
ਅਧੜੋ ਸਿੰਘੁ ਅਧੜੋ ਮਾਣਸ ਨਿਕਸਿਉ ਸੁਆਮੀ ਜਾਕੋ ॥
ਤਾਸੁਧਣੀ ਪਗ ਧੋਇ ਨ ਸਾਕਉ ਨਖੁ ਏਵਡ ਹਹਿ ਜਾਕੋ ॥੪॥
ਨਾਮੇ ਚੇ ਸੁਆਮੀ ਰੂੜੋ ਠਾਕੁਰ ਮਾਧਉ ਕ੍ਰਿਸਨ ਮੁਰਾਰੀ ॥
ਦੂਖ ਭੰਜਨ ਸੁਆਮੀ, ਪ੍ਰੀਤਮ ਬਨ ਬਨਵਾਰੀ ॥੫॥
[ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਪੁਰਾਤਨ ਬੀੜਾਂ ਵਿਚ ਹੈ]

ਇਸ ਸ਼ਬਦ ਦਾ ਜਿਕਰ ਮਹਾਨ ਕੋਸ਼ ਵਿਚ ਪੰਨਾ ੩੨੭॥ ਉਪਰ ਕੀਤਾ ਗਿਆ ਹੈ ਅਤੇ ਪੁਰਾਤਨ ਬੀੜ ਬੁਰਹਾਨ ਪੁਰ। ਮਧ ਪ੍ਰਦੇਸ ਵਿਚ ਸ੍ਰੀ ਹਠੀ ਸਿੰਘ ਜੀ ਦੀ ਸਮਾਧਿਪੁਰ ਵਿਰਾਜ-ਮਾਨ ਇਕ ਪੁਰਾਤਨ ਬੀੜ ਵਿਚ ਹੈ।

ਰਾਮਕਲੀ ਮਹਲਾ ੫

੯੨੭॥ਸਤ੍ਰ॥੧੨॥ ਦੋ ਪੰਗਤੀਆਂ ਤੋਂ ਅਗੇ

ਸਤਿਗੁਰ ਧਿਆਇਆ ਕਰਮ ਪਾਇਆ, ਅਨੂਪ ਬਾਲਕ ਜੰਮਿਆ।
ਸਤਿਗੁਰ ਸਾਚੈ ਭੇਜਿਦੀਆ, ਚਿਰ ਜੀਵਨ ਵਡ ਪੁੱਨਿਆ ॥
ਮਹਾਂ ਅਨੰਦ ਹੋਆ ਸਦਾ ਮੰਗਲ; ਹਰਿ ਗੁਣਗਾਵਹੋ ॥
ਜਨ ਕਹੈ ਨਾਨਕੁ ਸਫਲੁ ਜਾਤ੍ਰਾ; ਸਤਿਗੁਰ ਪੁਰਖੁ ਧਿਆਵਹੋ ॥੧॥
ਅੰਮ੍ਰਿਤ ਭੋਜਨ ਇਕਤ੍ਰ ਕਰੇ, ਪਰਵਾਰ ਬੁਲਾਇਆ ॥
ਵੰਡਿਆਹੁ ਅੰਮ੍ਰਿਤ ਨਾਮੁ ਰਸ, ਜਿਤੁ ਸਭੁ ਤ੍ਰਿਪਤਾਇਆ ॥
ਸਤਿਗੁਰ ਬਹਿ ਕੈ ਵੰਡਿ ਕੀਤੀ ਸਗਲ ਭਾਉ ਦਿਵਾਇਆ ॥
ਕਰਮਾਂ ਉਪਰਿ ਵੰਡਿ ਹੋਈ ਖਾਲੀ ਕੋਇ ਨ ਜਾਇਆ ॥
ਸਭ ਸਿਖ ਸੰਗਤਿ ਭਈ ਇਕਤ੍ਰ, ਮਹਾ ਅਨੰਦ ਸਮਾਇਆ ॥
ਬਿਨਵੰਤ ਨਾਨਕ ਸਾਮ ਹਰਿਕੀ; ਸਰਬ ਸੁਖ ਮੈਂ ਪਾਇਆ ॥੨॥
ਰੀਤੀ ਸਗਲ ਕਰਾਈਆ; ਹਰਿ ਸਿਉਂ ਲਿਵਲਾਈ ॥
ਭਦਣ ਉਨੇਤ ਕਰਾਇ; ਗੁਰ ਗਿਆਨ ਜਪਾਈ ॥
ਗੁਰ ਗਿਆਨ ਜਪਿਆ ਸੁਖਹ ਦਾਤਾ; ਚਟ ਸਾਲ ਬਾਲਕ ਪਾਇਆ ॥
ਸਗਲ ਵਿਦਿਆ ਸੰਪੂਰਣ ਪੜਿਆ; ਗੋਬਿੰਦ ਰਿਦੈ ਮਨਾਇਆ ॥

ਜੇਵਣ ਵਾਰੁ ਨਾਮਕਰਣ ਬਿਰਥਾ ਕੋਈ ਨ ਜਾਈ ॥
ਬਿਨਵੰਤ ਨਾਨਕ ਦਾਸਹਰਿਕਾ; ਮੇਰਾ ਪ੍ਰਭੁ ਅੰਤਿ ਸਖਾਈ ॥੩॥
ਸਾਧ ਸੰਤ ਇਕਤ੍ਰ ਕਰੇ ਬਾਲਕ ਕਰਹੁ ਮੰਗੇਵਾ ॥
ਥਾਪੇ ਸਜਨ ਜਨ ਕੁੜਮ ਭਲੇ ਵੰਡਿਆਹੁ ਅੰਮ੍ਰਿਤ ਮੇਵਾ ॥
ਅੰਮ੍ਰਿਤ ਪਾਇਆ ਗੁਰਗਿਆਨ ਦ੍ਰਿੜਾਇਆ ਸਗਲ ਦੁਖ ਮਿਟਾਇਆ ॥
ਲਗਣੁ ਲਿਖਾਇਆ ਧੁਰਹੁ ਆਇਆ ਵੀਆਹੁ ਕੁੜਮਿ ਦਿਵਾਇਆ ॥
ਅਚਰਜ ਜੱਞ ਬਨਾਈ ਠਾਕੁਰਿ ਮੁਨਿ ਜਨ ਚੁਕੇ ਸਭ ਦੇਵ ਸੂਰਾ ॥
ਜਨ ਕਹੈ ਨਾਨਕ ਕਾਜੁ ਹੋਆ ਵਜੇ ਅਨਹਦ ਤੂਰਾ ॥੪॥੫॥

ਇਹ ਸ਼ਬਦ ਸਾਹਿਬਜ਼ਾਦਾ ਸ੍ਰੀ ਹਰਿਗੋਬਿੰਦ ਜੀ ਦੇ ਵਿਆਹ ਦੇ ਸ਼ੁਭ ਅਉਸਰ ਪੁਰ ਸੰਮਤ ੧੬੬੧ ਬਿ: ਵਿਚ ਉਚਾਰਨ ਹੋਇਆ ਸੀ, ਐਪਰ ਆਦਿ ਗਰੰਥ ਦੀ ਬੀੜ ਜਿਲਦ ਸੰਮਤ ੧੬੫੮ ਬਿ: ਵਿਚ ਬੱਝ ਚੁਕੀ ਸੀ ਇਸ ਲਈ ਨਹੀਂ ਚੜ੍ਹ ਸਕਿਆ, ਮਗਰੋਂ ਨਕਲ ਹੋਏ ਬਹੁਤੇ ਸੋਚਿਆ ਵਿਚ ਦਰਜ ਹੋ ਗਿਆ ਹੈ, ਜਿਹਾ ਕਿ :

੧. ਲਾਹੌਰੀ ਬੀੜ ਸੰਮਤ ੧੬੬੭ ਵਾਲੀ ਵਿਚ ਖਾਲੀ ਥਾਂ ਤੇ ਹਾਸ਼ੀਏ ਪੁਰ ਹੈ।

ਰਾਮਕਲੀ ਕੀ ਵਾਰ ਰਾਇ ਬਲਵੰਡ ਤਥਾ

੬੬੮॥ਸਤੁ।੨੫॥੨੧...[੮] ਪੰਚਾਇਣ ਕਾਇਆਂ ਪਲਟਿ ਥਾਂਇ ਛੇਵੇ ਕੀਓ ਨਿਵਾਸੁ ॥
ਅਉਤਰਿਆ ਅਉਤਾਰ ਲੈ ਬਾਲ ਰੂਪ ਸਭ ਗੁਣੰ ਤਾਸੁ ॥
ਪਿਛੇ ਕੁਦਰਤਿ ਘੜੀਅਨੁ, ਧਰਿ ਤਕ ਤੋਲੀਅਨ ਆਕਾਸੁ ॥
ਦਿਨਸੁ ਚੜਾਇਅਨ ਰਾਤਿ ਘੱਤਿ, ਕੁਦਰਤਿ ਕੀਓਨੁ ਪ੍ਰਗਾਸੁ ॥
ਆਈਵਾਉ ਨ ਡੋਲਈ ਪਰਬਤ ਜਿਵੈਂ ਕਉ ਲਾਸੁ ॥
ਨਾਨਕ ਅੰਗਦ ਅਮਰ ਦਾਸ ਗੁਰ ਅਰਜੁਨ ਤੂ ਰਾਮਦਾਸੁ ॥
ਪਚਾਇਣ ਕਾਇਆਂ ਪਲਟਿ; ਥਾਇ ਛਿਵੈ ਕੀਓਨੁ ਨਿਵਾਸੁ ॥੬॥
ਅੰਬਰ ਧਰਤਿ ਵਿਛੋੜਿਅਨੁ ਵਿਣੁ ਥੰਮਾਂ ਗਗਨੁ ਖਲੋਆ ॥
ਬਾਬੈ ਤੂ ਵਡਿਆਇਓ ਸੁਵੱਨੀ ਖਿਵੈ ਚੰਦੋਆ ॥
ਚਉਦਹ ਰਤਨ ਨਿਕਾਲਿਓਨੁ; ਕਲਿਅੰਦਰਿ ਚਾਨਣੁ ਹੋਆ ॥
ਅਗੈ ਡੁਬੀ ਜਾਂਦੀ ਸੀ ਮੇਦਨੀ; ਦੇ ਹੱਥੀ ਆਪ ਖਲੋਆ ॥
ਨਾਨਕ ਅੰਗਦ ਅਮਰ ਗੁਰ ਰਾਮਦਾਸ ਗੁਰ ਅਰਜੁਣ ਸਭਿ ਆਪੋਂ ਹੋਆ ॥
ਪੰਚਾਇਣ ਆਪ ਵਰਤਿਆ, ਛਿਅ ਪੁਰਖੁ ਭੀ ਆਪੇ ਹੋਆ ।੧੦।੧।੩॥

ਗੁਰੂ ਦਰਬਾਰ ਦੇ ਢਾਡੀਆਂ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਦੇ ਰਾਜ ਸਿੰਘਾਸਨ ਪੁਰ ਵਿਰਾਜਣ ਸਮੇਂ ਚਲੀ ਆ ਰਹੀ ਮ੍ਰਿਯਾਦਾ ਅਨੁਸਾਰ ਗੁਰਜਸ ਇਨ੍ਹਾਂ ਦੋ ਪਉੜੀਆਂ ਦੁਆਰਾ ਗਾਇਆ ਇਹ ਗੁਰਬਾਣੀ ਦੇ ਇਕ ਪ੍ਰਾਚੀਨ ਸੰਚੇ ਭਾਈ ਪੈਹਦਾ ਸਾਹਿਬ ਵਾਲੇ ਗ੍ਰੰਥ ਵਿਚ ਦਰਜ ਮਿਲੀਆਂ ਹਨ। ਗ੍ਰੰਥ ਸਾਹਿਬ ਇਸ ਵਕਤ ਦਿਲੀ ਪਹਾੜ ਗੰਜ ਮਹਲਾ ਆਰਾ ਕਸ਼ਾਂ ਦੇ ਵਾਸੀ ਭਾਈ ਵਿਸਾਖਾ ਸਿੰਘ ਤੇ ਬੀਬੀ ਹਰਿਭਜਨ ਕੌਰ ਦੀ ਸੇਵਾ ਸੰਭਾਲ ਵਿਚ ਮੌਜੂਦ ਹੈ।

ਰਾਮਕਲੀ ਕਬੀਰ ਜੀਉ ॥

੯੭੦।ਸਤ੍ਰ।੧੩।...੩। ਅੱਖਰ ਸਾਚੇ ਬੇਦ ਭੀ ਸਾਚਾ
ਤਿਨਕਾ ਕਹਿਆ ਤੂ ਕਿਉਂ ਨ ਕਰਹਿ :
ਕਹਤੁ ਕਬੀਰ ਸੁਨਹੁ ਰੇ ਸੰਤਹੁ; ਭਾਰ ਉਠਾਈ ਲੀਏ ਫਿਰਹਿ ॥੪॥੫॥

ਆਦਿ ਬੀੜ ਦੇ ਸੰਪਾਦਕ ਲਿਖਾਰੀਆਂ ਯਾ ਅਗਾਹਾਂ ਨਕਲ ਕਰਨ ਵਾਲਿਆਂ ਪਾਸੋਂ ਇਸ ਸ਼ਬਦ ਦਾ ਇਹ ਅੰਤਲਾ ਜ਼ਰੂਰੀ ਬੰਦ ਪਦਾ ਸਹਿਵਨ ਲਿਖਣੋ ਰਹਿ ਗਿਆ ਅਰ ਇਹ ਘਾਟ ਦੂਰ ਤਕ ਚਲੀ ਆਈ ਹੈ।

ਮਾਰੂ ਮੀਰਾ ਬਾਈ।

੧੧੦੬।ਅੰਤ। ਮਨ ਹਮਾਰੋ ਬਾਧਿਓ ਮਾਈ, ਕਵਲਨੈ[illegible]ਨੇ ਗੁਨ ॥੧॥ ਰਹਾਉ
ਤੀਖਨ ਤੀਰ ਬੇਧਿ ਸਰੀਰ, ਦੂਰ ਗਇਓ ਮਾਈ।
ਲਾਗਿਓ ਤਬ ਜਾਨਿਉ ਨਾਹੀ, ਅਬ ਨ ਸਹਿਓ ਜਾਈਰੀ ਮਾਈ ॥੧॥
ਤੰਤ ਮੰਤ ਅਉਖਧਿ ਕਰਉ, ਤਉ ਪੀਰ ਨ ਜਾਈ ॥
ਹੈ ਕੋਊ ਉਪਕਾਰ ਕਰੈ, ਕਠਨ ਦਰਦ ਮਾਈ ਰੀ ॥੨॥
ਨਿਕਟ ਹਉ ਤੁਮ ਦੂਰ ਨਹੀਂ, ਬੇਗ ਮਿਲਹੁ ਆਈ ॥
ਮੀਰਾ ਗਿਰਧਰ ਸੁਆਮੀ ਦਇਆਲ ਤਨਕੀ ਤਪਤ ਬੁਝਾਈ ਰੀ ਮਾਈ ॥੩॥
ਕਵਲ ਨੈਨ ਆਪਨੇ ਗੁਣ ਆਪਨੇ ਗੁਣ ਬਾਧਿਓ ਮਾਈ ॥ਰਹਾਉ ਦੂਜਾ॥੧॥੧੫॥

ਸਾਰੰਗ ਸੂਰਦਾਸ

੧੨੫੩ ਸਤ੍ਰ ੧੦
ਛਾਡਿ ਮਨ ਹਰਿ ਬੇਮੁਖਨ ਕੋ ਸੰਗ ॥
ਕਹਾ ਭਇਓ ਪੈ ਪਾਨ ਪਿਆਏ, ਬਿਖ ਨਹੀਂ ਤਜਤ ਭੁਅੰਗ ॥੧॥ਰਹਾਉ ॥
ਕਾਗਾ ਕਹਾ ਕਪੂਰ ਚੁਗਾਏ, ਸੁਆਨ ਨਵਾਇਐ ਗੰਗਿ ॥
ਖਰ ਕੋ ਕਹਾ ਅਗਰ ਕੌ ਲੇਪਨ ਮਰਕਟ ਭੂਖਨ ਅੰਗ ॥

ਪਾਹਨ ਪਤਿਤ ਬਾਨ ਨਹੀਂ ਬੇਧੇ ਰੀਤੇ ਹੋਹਿੰ ਨਿਖੰਗ ॥
ਸੂਰਦਾਸ ਉਇ ਕਾਰੀ ਕਮਰੀ ਚੜਤ ਨ ਦੂਜੋ ਰੰਗ ॥੨॥

ਇਹ ਸ਼ਬਦ ਸੂਰ ਸਾਗਰ ਵਿਚੋਂ ਲੈ ਕੇ ਕੁਝ ਲਿਖਾਰੀਆਂ ਨੇ ਸ੍ਰੀ ਗੁਰੂ ਗਰੰਥ ਸਾਹਿਬ ਵਿਚ ਸ਼ਾਮਿਲ ਕਰ ਲਿਆ ਹੈ। ਜਿਵੇਂ ਕਿ :

੧. ਖਾਰੇ ਕੀ ਮਿਸਲ ਦੀ ਨਕਲ ਬੰਨੋਆਣੀਏ ਭਾਈਆਂ ਪਾਸ ਹੈ।
੨. ਪਟਣ ਸ਼ੇਖ ਫਰੀਦ ਕੀ ਸੰਗਤਿ ॥੧੭੨੫॥ ਬਿ: ਵਾਲਾ ਗਰੰਥ।
੩. ਅਖਨੂਰ ਵਾਲਾ ਗਰੰਥ।
੪. ਵਾਸੂ ਪਿੰਡ ਸੰਮਤ ੧੮੮੬ [ਵਾਲੀ ਬੀੜ] ਆਦਿ।

ਬਿਨਾਂ ਸਿਰਲੇਖ ਇਕ ਪਹਿਲੀ ਤੁਕ ਤਾਂ ਬਹੁਤ ਸਾਰੇ ਗਰੰਥਾਂ ਵਿਚ ਚੜ੍ਹੀ ਹੋਈ ਹੈ।

ਮਲਾਰ ਮਹਲਾ ੫

੧੨੭॥੩॥੯॥ ਪ੍ਰਾਨ ਮਾਨ ਪ੍ਰਿਅ ਪ੍ਰੀਤਿ ਚੀਤਿ ॥੧॥
ਜਾਪ ਤਾਪ ਧਿਆਨੁ ਮੋਰੈ ਮਨਿ ਬਨੀ ਰੀ ਪ੍ਰੀਤਿ ॥੧॥ਰਹਾਉ ॥
ਲੋਭੁ ਮੋਹੁ ਨਾਠੇ, ਭਰਮ ਮਿਟੀ ਭੀਤਿ ॥੨॥
ਸਹਜ ਸੂਖ ਅਨੰਦੁ ਘਨੇ, ਨਾਨਕ ਗੁਨ ਗਾਉ ਨੀਤ ॥੩॥੯॥੩੧॥
ਮ:੧॥੯॥ਮ:੩॥੧੩॥ਮ:੪॥੯॥ਜੋੜ॥੬੨॥

ਇਹ ਤਿਪਦਾ ਸ: ਜੀ. ਬੀ. ਸਿੰਘ ਨੇ ਸੰਗਤਿਦਾਨਾਂ ਦੇ ਖਾਸ ਗਰੰਥ ਵਿਚੋਂ ਪੜ੍ਹ ਕੇ ਸ੍ਰੀ ਗੁਰੂ ਗਰੰਥ ਦੀਆਂ ਪ੍ਰਾਚੀਨ ਬੀੜਾਂ ਨਾਮੇ ਪੁਸਤਕ ਵਿਚ ਨੋਟ ਕੀਤਾ ਹੈ।

ਗਰੰਥ ਸੰਪੂਰਣ ਹੋਣ ਦੀ ਤਾਰੀਖ ਸੰਮਤ ੧੭੩੨ ਅਗ ਹਨ [ਮੱਘਰ] ਦਸੀ ਹੈ। [ਪ੍ਰਾਚੀਨ ਬੀੜਾਂ ਪੰਨਾ ੨੨੮]

ਸਲੋਕ ਵਾਰਾਂ ਤੇ ਵਧੀਕ

੧੪੨੮।ਸਤ੍ਰ।੨੮। ਬੈਂਤ ਚੁਅੰ ਬਾਸਿਫਲ ਗੋਇ ਬਲੁਤਫੋ ਖ਼ੁਸ਼ੀ ॥
ਫ਼ਜੂੰ ਗਰਦ ਦਸਿਕਿ ਬਰ ਗਰਦਨ ਕਸ਼ੀ ॥੧॥੫੨॥
ਕ੍ਰਿਪਾ ਅਨੁਗ੍ਰਹ ਸਾਥਿ ਜੋ ਕਰਤ ਦੀਨ ਸਿਉਂ ਬਾਤ ॥
ਉਚੀ ਗ੍ਰੀਵਾ ਗਰਬ ਫੁਨਿ; ਬੇਗ ਤਾਹਿ ਬਦਜਾਤ ॥੨॥੫੩॥
....
....ਇਹ ਜਗ ਕਿਸੀ ਕਾ ਨਾਹਿ ॥
ਹਰਿ ਕੇ ਭਗਤ ਅਨੰਦ ਮੈ ਹਰਖ ਸੋਗ ਮੈ ਨਾਹਿ ॥੫੮॥

ਇਹ ਫਾਰਸੀ ਬੈਤ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਨੇ ਦਿੱਲੀ ਵਿਚ ਸਾਹੀ ਮੁਲਾਂ, ਮੁਫਤੀਆਂ ਦੇ ਵਿਤੰਡਾ ਬਾਦ ਵਾਲਾ ਵਤੀਰਾ ਜਾਚਕੇ ਉਚਾਰਨ ਕੀਤਾ ਸੀ ਅਤੇ ਦੂਜਾ ਸਲੋਕ ਇਸ ਦਾ ਦੇਸ ਭਾਖਾ ਵਿਚ ਭਾਵ ਦੱਸਣ ਲਈ ਵਰਨਿਆ ਹੈ। ਜਾਪਦਾਇ ਮੌਕੇ ਪੁਰ ਹਾਜ਼ਿਰ ਉਸੇ ਭਟ-ਕਵੀ ਨੇ ਨੋਟ ਕੀਤਾ ਹੈ ਜਿਸਨੇ ਗੁਰੂ ਤੇਗ ਬਹਾਦੁਰ ਬੋਲਿਆ ਧਰਿ ਪਈਏ ਧਰਮ ਨ ਛੋਡੀਏ ॥

ਵਾਲਾ ਛੰਦ ਰਚਿਆ ਸੀ ਸਾਨੂੰ ਇਕ ਬਿਨਾਂ ਤਿਥਿ ਸੰਮਤ ਸਮੱਧ੍ਰ ਕੱਦ ਵਾਲੇ ਗ੍ਰੰਥ ਵਿਚੋਂ ਮਿਲਿਆ ਹੈ ਜੋ ਦੋਕੁ ਸੌ ਸਾਲ ਪੁਰਾਣਾ ਹੈ, ਸਿਖ ਰੈਫਰੈਂਸ ਲਾਇਬ੍ਰੇਰੀ ਅੰਮ੍ਰਿਤਸਰ ਵਿਚ ੩੯ਵੇਂ ਨੰਬਰ ਤੇ ਸੁਰਖਿਤ ਹੈ। ਪੰਜਾਬੋਂ ਬਾਹਰਿ ਵੀ ਕੁਝ ਕੁ ਬੀੜਾਂ ਵਿਚ ਇਹ ਬੈਂਤ ਦਰਜ ਹਨ।

ਸਲੋਕ ਕਬੀਰ ਜੀਉ ਕਾ।

੧੩੭੭।ਸਤ੍ਰ।੨੨। ਕਬੀਰ ਰਾਮ ਨਾਮ ਕੈ ਪਟੰਤਰੈ; ਲੈਬੇ ਕਉ ਕਿਛੁ ਨਾਹਿ ॥

ਕਿਆ ਲੇ ਗੁਰੁ ਸੰਤੋਖ ਦੇਇ; ਹਉਪ ਰਹੀ ਮਨ ਮਾਹਿ ॥੨੪੪॥੧॥ ਇਸ ਸਲੋਕ ਦਾ ਵਾਧਾ ਕੁਝ ਕੁ ਪੁਰਾਤਨ ਬੀੜਾਂ ਵਿਚ ਹੋਇਆ ਲਭਦਾ ਹੈ।

ੴ ਸਤਿਗੁਰ ਪ੍ਰਸਾਦਿ ॥

ਸ੍ਰੀ ਮਾਨ ਗੁਰੂ ਖਾਲਸਾ ਜੀਓ !! ਆਪ ਜੀ ਦੇ ਦ੍ਰਿਸਟ ਗੋਚਰਾ ਸ੍ਰੀ ਗੁਰੂ ਗ੍ਰੰਥ ਸਾਹਿਬਾਂ ਦਾ ਵੇਰਵਾ ਜੋ ਖੋਜ ਕਰਕੇ ਕੀਤਾ ਹੈ ਸੋ ਦਸਿਆ ਜਾਂਦਾ ਹੈ। ਪਹਿਲਾਂ ਸਰੂਪ ਜੋ ਭਾਈ ਗੁਰਦਾਸ ਜੀ ਨੇ ਗੁਰੂ ਅਰਜਨ ਸਾਹਿਬ ਜੀ ਦੀ ਆਇਆ ਨਾਲ ਲਿਖਕੇ ਸੰਪੂਰਨ ਕੀਤਾ ਸੀ, ਤੇ ਦੂਜਾ ਉਤਾਰਾ ਭਾਈ ਬੱਨੋ ਨੇ ਗੁਰੂ ਅਰਜਨ ਸਾਹਿਬ ਜੀ ਦੀ ਆਗਿਆ ਨਾਲ ਲਾਹੌਰ ਤੋਂ ਗ੍ਰੰਥ ਦੀ ਜਿਲਦ ਬੰਨ੍ਹਣ ਵਾਸਤੇ ਜਾਂਦਿਆਂ ਜਾਂਦਿਆਂ ਦੂਜਾ ਉਤਾਰਾ ਕਰਾਇਆ ਬਹੁਤ ਲਿਖਾਰੀ ਲਾਕੇ ਤਾਂ ਉਸ ਵਕਤ ਬਹੁਤ ਹੱਥੀਂ ਲਿਖਣ ਕਰਕੇ ਬਾਣੀ ਅਗੇ ਪਿਛੇ ਬੇ ਮਿਸਲ ਹੋ ਗਈ ਅਤੇ ਨਾਲੇ ਵਾਧੂ ਬਾਣੀ ਲਿਖਕੇ ਪਾ ਦਿਤੀ ਗਈ। ਬਾਕੀ ਜੋ ਵਾਧੂ ਬਾਣੀ ਪੈਣ ਕਰਕੇ ਅਰ ਬਾਣੀ ਦੇ ਸਬਦ ਅਗੇ ਪਿਛੇ ਬੇ ਮਿਸਲ ਹੋਣ ਕਰਕੇ ਭਾਈ ਗੁਰਦਾਸ ਜੀ ਵਾਲੇ ਲਿਖੇ ਗ੍ਰੰਥ ਨਾਲੋਂ ਫਰਕ ਕਾਫੀ ਪੈ ਚੁਕਾ ਹੈ ਜੋ ਸੇਵਕ ਤਾਂਈ ਸਹੀ ਸੁੱਧ ਸਰੂਪ ਗੁਰੂ ਗ੍ਰੰਥ ਸਾਹਿਬ ਜੀ ਦੇ ਮਿਲੇ ਹਨ ਉਨ੍ਹਾਂ ਦੀ ਸਹੀ ਮਰਯਾਦਾ ਲਿਖਕੇ ਨੋਟ ਕੀਤੀ ਜਾਂਦੀ ਹੈ।

ਪਹਿਲ ਸਿਰੀ ਰਾਗੁ ਤੇ ਪੂਰਾ ਮੂਲ ਮੰਤ੍ਰ ਫੇਰ ਮਹਲੇ ੫ ਵਿਚ ਘਰੁ ੭ ਤੋਂ ਬਾਦ ਮਹਲੇ ੧ ਦੀਆਂ ਅਸਟਦੀਆਂ ਚਲਦੀਆਂ ਹਨ ਫੇਰ ਕਬੀਰ ਜੀ ਦੇ ਸਿਰੀ ਰਾਗ ਵਿਚ ਦੋਵੇਂ ਸਬਦ ਇਕਠੇ ਹਨ ਫੇਰ ਜੈਤਸਰੀ ਰਾਗ ਤੇ ਪੂਰਾ ਮੂਲ ਮੰਤ੍ਰ ਹੈ।

ਫੇਰ ਬੈਰਾੜੀ ਰਾਗੁ ਤੇ ਪੂਰਾ ਮੂਲ ਮੰਤ੍ਰ ਹੈ। ਫੇਰ ਤਿਲੰਗ ਰਾਗ ਵਿਚ ਮਹਲੇ ੫ ਤੋਂ ਬਾਦ

ਮਹਲੇ ੯ ਦੀ ਬਾਣੀ ਹੈ ਫੇਰ ਅਸਟਪਦੀਆ ਹਨ। ਫੇਰ ਮਾਰੂ ਰਾਗ ਵਿਚ ਕਬੀਰ ਜੀ ਦੀ ਬਾਣੀ ਦੇ ਸਾਰੇ ਸਬਦ ਇਕ ਥਾਂ ਇਕਠੇ ਹਨ। ਫੇਰ ਤੁਖਾਰੀ ਰਾਗੁ ਤੇ ਪੂਰਾ ਮੂਲ ਮੰਤ੍ਰ ਹੈ। ਬਾਕੀ ਕੇਦਾਰਾ ਰਾਗੁ ਤੇ ਪੂਰਾ ਮੂਲ ਮੰਤ੍ਰ ਹੈ। ਫੇਰ ਭੈਰਉ ਰਾਗੁ ਵਿਚ ਨਾਮ ਦੇਵ ਜੀ ਦੀ ਬਾਣੀ ਦੇ ਸਬਦ ਸਾਰੇ ਇਕ ਥਾਂ ਇਕਠੇ ਹਨ। ਅਗੇ ਬਸੰਤ ਰਾਗੁ ਵਿਚ ਕਬੀਰ ਜੀ ਦੀ ਬਾਣੀ ਦੇ ਸਬਦ ਸਾਰੇ ਇਕ ਥਾਂ ਇਕਠੇ ਹਨ। ਬਾਕੀ ਫੇਰ ਸਾਰੇਗੁ ਰਾਗੁ ਵਿਚ ਕਬੀਰ ਜੀ ਦੇ ਸਬਦ ਸਾਰੇ ਇਕ ਥਾਂ ਇਕਠੇ ਹਨ। ਮੰਗਲਾਂ ਦਾ ਸਰੂਪ ਹਰਿ ਥਾਂ ਪਹਿਲ ਹੈ।

ਸਤਿਗੁਰੂ ਜੀ ਦੇ ਬਖਸ਼ੇ ਬਲ ਅਤੇ ਬੁੱਧੀ ਅਨੁਸਾਰ ਅਸੀਂ ਸ੍ਰੀ ਹਰਿਮੰਦਰ ਸਾਹਿਬ, ਦਮਦਮਾ ਸਾਹਿਬ ਸ੍ਰੀ ਹਜ਼ੂਰ ਸਾਹਿਬ ਦੇ ਤਖਤਾਂ ਦੇ ਤੋਸ਼ੇ ਖਾਨਿਆਂ ਦੀਆਂ ਬੀੜਾਂ ਤੋਂ ਬਿਨਾਂ ਹੋਰ ਬੇਅੰਤ ਬੀੜਾਂ ਦੇ ਦਰਸ਼ਨ ਕਰਕੇ ਮੰਗਲਾਂ, ਦੀ ਤਰਤੀਬ ਤੇ ਪਾਠਾਂ ਦੀਆਂ ਸੁਧੀਆਂ ਮੇਲੀਆਂ ਹਨ, ਜਿਨ੍ਹਾਂ ਵਿਚੋਂ ਨਮੂਨੇ ਮਾਤ੍ਰ ਹੀ ਅਸੀਂ ਇਸ ਸੰਚੀ ਵਿਚ ਦੇ ਰਹੇ ਹਾਂ। ਆਸ ਕਰਦੇ ਹਾਂ ਕਿ ਗੁਰੂ ਖਾਲਸਾ ਪੰਥ ਸੰਗਤ ਸਾਡੇ ਇਸ ਨਿਮਾਣੇ ਯਤਨ ਨੂੰ ਦ੍ਰਿਸ਼ਟਿ ਗੋਚਰ ਰਖਣਗੇ।

——o——

'ਸ੍ਰੀ ਦਮਦਮੀ' ਤੇ "ਬਾਜ਼ਾਰੀ—ਛਾਪੇ" ਵਾਲੀਆਂ ਬੀੜਾਂ ਵਿੱਚ ਪਾਠ--ਭੇਦ ਉਤੇ ਇਕ ਨਜ਼ਰ

ਸ਼੍ਰੋਮਣੀ ਕਮੇਟੀ ਤੇ ਸੰਤ ਸਮਾਜ ਦੇ ਨੀਅਤ ਕੀਤੇ ੧੦ ਸੱਜਨਾਂ ਦੀ ਕਮੇਟੀ ਨੇ ਜੋ ੧੨-੨-੧੯੬੦ ਨੂੰ ਕਰਮਸਰ--ਰਾੜੇ ਵਿਖੇ ਮਤਾ ਪਾਸ ਕਰਕੇ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਛਪਾਈ ਬਾਰੇ 'ਸ਼੍ਰੋਮਣੀ ਕਮੇਟੀ' ਨੂੰ ਭੇਜਿਆ ਹੈ; ਉਸ ਵਿਚ ਦਸਿਆ ਗਿਆ ਹੈ ਕਿ ਜੋ ਦਮਦਮੀ ਬੀੜ ਤੋਸ਼ੇਖਾਨੇ, ਬਾਬੇ ਦੀਪ ਸਿੰਘ 'ਸ਼ਹੀਦ' ਦੇ ਉਤਾਰੇ ਵਾਲੀ ਹੈ; ਉਸੇ ਨਾਲ ਸੋਧਕੇ ਚਿਰੰਕਾਲ ਤੋਂ ਬੀੜਾਂ ਛਪਦੀਆਂ ਆਈਆਂ ਹਨ। ਉਨ੍ਹਾਂ ਦਾ ਕਰਮ ਆਦਿ ਤੋਂ ਅੰਤ ਤੀਕ ਮੰਗਲਾਂ ਦੀ ਸ਼ੈਲੀ ਤੇ ਸਮੁਚੇ ਤੌਰ ਤੇ ਬਾਣੀ ਦੀ ਤਰਤੀਬ ਦਮਦਮੀ ਬੀੜ ਨਾਲ ਮਿਲਦੀ ਦੱਸੀ ਜਾਂਦੀ ਹੈ ਏਹਨਾਂ ਬੀੜਾਂ ਦੇ ਮੈਂ ਦਰਸ਼ਨ ਪਾਠ ਕਰਕੇ ਦੇਖਿਆ ਹੈ। ਦਮਦਮੀ ਤੇ ਛਪੀਆਂ ਬੀੜਾਂ ਵਿਚ ਹੇਠ ਲਿਖੇ ਮਤਭੇਦ ਤੇ ਅਦਲਾ ਬਦਲੀਆਂ ਹਨ :—

੪੩ ਥਾਂ ਅਖਰ ਦਮਦਮੀ ਬੀੜ ਵਿਚ ਵਾਧੂ ਹੈ। ਟਾਈਪ ਬੀੜਾਂ ਨਾਲੋਂ।

੪੮ ਥਾਂ ਅਖਰ ਦਮਦਮੀ ਬੀੜ ਵਿਚ ਘਟ ਹਨ ਟਾਈਪ ਬੀੜਾਂ ਨਾਲੋਂ।

੧੩੨ ਥਾਂ ਅਖਰਾ ਦੀ ਅਦਲਾ ਬਦਲੀ। ਦਮਦਮੀ ਬੀੜਾਂ ਤੇ ਟਾਈਪ ਬੀੜਾਂ ਵਿਚ ਹੈ।

੨੨੭ ਥਾਂ ਲਗਾਂ ਮਾਤ੍ਰਾਂ ਦਮਦਮੀ ਬੀੜ ਵਿਚ ਵਾਧੂ ਹਨ। ਟਾਈਪ ਬੀੜਾਂ ਨਾਲੋਂ।

੧੯੩ ਲਗਾਂ ਮਾਤ੍ਰਾ ਦਮਦਮੀ ਬੀੜ ਵਿਚ ਘਟ ਹਨ: ਟਾਈਪ ਬੀੜਾਂ ਨਾਲੋਂ।

੬੬ ਥਾਂ ਲਗਾਂ ਮਾਤ੍ਰਾਂ ਦੀ ਅਦਲਾ ਬਦਲੀ ਦਮਦਮੀ ਬੀੜ ਤੇ ਟਾਈਪ ਬੀੜਾਂ ਵਿਚ ਹੈ।

੪੫ ਥਾਂ ਦੋ ਸੱਤਰਾਂ ਦੀ ਇਕ ਸੱਤਰ ਲਿਖੀ ਹੈ ਦਮਦਮੀ ਬੀੜ ਵਿਚ।

੯੦ ਥਾਂ ਇਕ ਸੱਤਰ ਦੀਆਂ ਦੋ ਸਤਰਾਂ ਛਪੀਆਂ ਹਨ। ਟਾਈਪ ਬੀੜਾਂ ਵਿਚ।
ਬਾਵਨ ਛੋਟੀ ਬੀੜ ਵਿਚ ਬਾਈ ਵਾਰਾਂ ਵਿਚ: ੬੧ ਥਾਂ ਮ: ੧ ਸਲੋਕ ਪਿਛੇ ਹੈ।

੨੦ ਥਾਂ ਦਮਦਮੀ ਬੀੜ ਤੇ ਟਾਈਪ ਬੀੜਾਂ ਵਿਚ ਮੰਗਲਾਂ ਦੀ ਅਦਲਾ ਬਦਲੀ ਹੈ।

੨੫ ਥਾਂ ਮਹਲੇ ਦਮਦਮੀ ਬੀੜ ਵਿਚ ਹੈ ਟਾਈਪ ਬੀੜਾਂ ਵਿਚ ਨਹੀਂ ਹੈ।

੫੭ ਥਾਂ ਦਮਦਮੀ ਬੀੜਾਂ ਤੇ ਟਾਈਪ ਬੀੜਾਂ ਵਿਚ ਮਹਲੇ ਘਰਾਂ ਛੰਤਾ ਅਸਟਪਦੀਆ ਦੀ ਅਦਲਾ ਬਦਲੀ ਹੈ।

੧੩੬ ਥਾਂ ਟਿਪੀਆ ਦਮਦਮੀ ਬੀੜ ਵਿਚ ਨਹੀਂ ਹੈ। ਟਾਈਪ ਬੀੜਾਂ ਵਿਚ ਹਨ।

੧੮੦ ਥਾਂ ਬਿੰਦੀਆਂ ਦਮਦਮੀ ਬੀੜ ਵਿਚ ਨਹੀਂ ਹਨ। ਟਾਈਪ ਬੀੜਾਂ ਵਿਚ ਹੈਨ॥

੪੨ ਥਾਂ ਟਿਪੀਆਂ ਦਮਦਮੀ ਬੀੜ ਵਿਚ ਗੋਬਿੰਦ ਪਾਠ ਤੇ ਹੈ। ਟਾਈਪ ਬੀੜਾਂ ਵਿਚ ਨਹੀਂ ਹੈ।
ਰਾਗੁ ਸਾਰੰਗ ਟਿਪੀਆ ਰਾਰੇ ਨੂੰ ੫੮ ਥਾਂ ਦਮਦਮੀ ਬੀੜ ਵਿਚ ਹੈ। ਟਾਈਪ ਬੀੜਾਂ ਵਿਚ ਨਹੀਂ ਹੈ।

੮੮ ਥਾਂ ਸ਼ਬਦਾਂ ਦੇ ਅੰਗਾਂ ਦੀ ਅਦਲਾ ਬਦਲੀ ਹੈ। ਦਮਦਮੀ ਬੀੜ ਤੇ ਟਾਈਪ ਬੀੜਾਂ ਵਿਚ।

੭ ਥਾਂ ਦਮਦਮੀ ਬੀੜ ਤੇ ਟਾਈਪ ਬੀੜਾਂ ਵਿਚ ਪਉੜੀਆਂ ਦੀ ਅਦਲਾ ਬਦਲੀ ਹੈ।

੯ ਥਾਂ ਦਮਦਮੀ ਬੀੜ ਤੇ ਟਾਈਪ ਬੀੜਾਂ ਵਿਚ ਗੋਬਿੰਦ ਪਾਠ ਵਾਵੇ ਬਬੇ ਦੀ ਅਦਲਾ ਬਦਲੀ ਹੈ।
ਰਾਗ ਗੋਂਡ ਵਿਚ ਸਾਰੇ ਕਨੌੜੇ ਹੈ ਦਮਦਮੀ ਬੀੜ ਵਿਚ।
ਟਾਈਪ ਪਹਿਲੀਆਂ ਬੀੜਾਂ ਵਿਚ ੧੮ ਥਾਂ ਗੋਂਡ ਪਾਠ ਹੈ ਹੁਣ ਦੀਆਂ ਬੀੜਾਂ ਵਿਚ ਤਿੰਨ ਥਾਂ ਪਾਠ ਹੈ।

੭੦੦ ਪਾਠ ਉਪਰ ਦੀ ਗਿਣਤੀ ਤੋਂ ਵਾਧੂ ਲਗਾ ਮਾਤ੍ਰਾਂ।
ਕਰਕੇ ਦਮਦਮੀ ਬੀੜ ਨਾਲੋਂ ਟਾਈਪ ਦੀਆਂ ਬੀੜਾਂ ਵਿਚ ਬਿਲਖਣ ਹੈ।

ੴ

ਸ੍ਰੀਮਾਨ ਜੋਗ ਖਾਲਸਾ ਜੀ !! ਬਿਨੈ ਹੈ ਕਿ ਜੋ ਇਹ ਖੋਜ ਛਾਪੀ ਗਈ ਹੈ ਸ਼੍ਰੋਮਣੀ ਗੁ: ਪ੍ਰ: ਕਮੇਟੀ ਅੰਮ੍ਰਿਤਸਰ ਨੇ ਵੀ ਇਸ ਸੰਬੰਧ ਵਿਚ ਪਹਿਲੋਂ ਖੋਜੀ ਲਾ ਕੇ ਲਿਖਤੀ ਗਰੰਥਾਂ ਅਰ ਬੀੜਾਂ ਤੋਂ ਖੋਜ ਕਰਾਈ ਹੈ ਏਸ ਵਿਚ ਤਕਰੀਬਨ ਉਹੋ ਹੀ ਪਾਠ ਨੋਟ ਕੀਤੇ ਗਏ ਹਨ। ਕਈ ਸਹੀ ਸ਼ੁੱਧ ਹਨ ਅਰ ਕਈ ਸਹੀ ਕੀਤੇ ਵੀ ਅਸ਼ੁੱਧ ਹੋ ਸਕਦੇ ਹਨ। ਇਸ ਵਾਸਤੇ ਆਪ ਜੀ ਪਾਸੋਂ ਸੇਵਕਾਂ ਦੀ ਮੰਗ ਹੈ ਕਿ ਆਪ ਜੀ ਸਹੀ ਸ਼ੁਧ ਪਾਠਾਂ ਦੀ ਅਰਥਾਂ ਨਾਲ ਸਮਝ ਕੇ ਥਲੇ ਸਹੀ ਨਿਸ਼ਾਨ ਦੇਣ ਦੀ ਕ੍ਰਿਪਾਲਤਾ ਕਰੋਗੇ। ਆਪ ਜੀ ਨੂੰ ਦੋ ਦੋ ਕਾਪੀਆਂ ਭੇਟਾ ਕੀਤੀਆਂ ਜਾਂਦੀਆਂ ਹਨ ਤਾਕਿ ਆਪ ਜੀ ਆਪਣੇ ਲਾਏ ਹੋਏ ਨਿਸ਼ਾਨਾਂ ਵਾਲੀ ਕਾਪੀ ਸਾਨੂੰ ਭੇਜਣ ਦੀ ਕ੍ਰਿਪਾਲਤਾ ਕਰ ਸਕੋ। ਅਸੀਂ ਆਪ ਜੀ ਦੇ ਅਤੀ ਧੰਨਵਾਦੀ ਹੋਵਾਂਗੇ।

ਸੋ ਆਪ ਜੀ ਹਰ ਤਰ੍ਹਾਂ ਦੀ ਚਿੱਠੀ-ਪੱਤ੍ਰ ਇਸ ਪਤੇ ਉਤੇ ਕਰਨ ਦੀ ਕ੍ਰਿਪਾਲਤਾ ਕਰੋ :

ਸ੍ਰੀ ਮਾਨ ਸਿੰਘ ਸਾਹਿਬ, ਬਾਬਾ ਸੰਤਾ ਸਿੰਘ ਜੀ ੯੬ ਕ੍ਰੋੜੀ ਜਥੇਦਾਰ

ਬੁੱਢਾ ਦਲ ਪੰਜਵਾਂ ਤਖਤ ਚਲਦਾ ਵਹੀਰ--ਪੰਜਾਬ [ਹਿੰਦੁਸਤਾਨ]

ਗੁਰੂ ਕਾ ਬਾਗ, ਸ੍ਰੀ ਅਨੰਦਪੁਰ ਸਾਹਿਬ (ਰੋਪੜ)

ਜ਼ਰੂਰੀ ਐਲਾਨ

ਸਰਬਤ ਗੁਰੂ ਖਾਲਸਾ ਪੰਥ ਅਤੇ ਸੰਗਤ ਨੂੰ ਇਹ ਜਾਣ ਕੇ ਅਤਿਅੰਤ ਪ੍ਰਸੰਨਤਾ ਹੋਵੇਗੀ ਕਿ ਪੰਥ ਦੀ ਮਾਇਆ ਨਾਜ਼ ਹਸਤੀ ਉਜੂਲ-ਮਸਤਕ ਪਰਉਪਕਾਰੀ-ਮਹਾਂਬਲੀ ਜਰਨੈਲ ਸ੍ਰੀ ਮਾਨ ਸਿੰਘ ਸਾਹਿਬ ਬਾਬਾ ਸੰਤਾ ਸਿੰਘ ਜੀ ਛਿਆਨਵੇਂ ਕ੍ਰੋੜੀ ਜਥੇਦਾਰ ਬੁੱਢਾ ਦਲ ਪੰਜਵਾਂ ਤਖਤ [ਚਲਦਾ ਵਹੀਰ] ਪੰਜਾਬ ਹਿੰਦੁਸਤਾਨ ਦੀ ਸਰਪ੍ਰਸਤੀ ਵਿਚ "ਬੁੱਢਾ ਦਲ ਪੰਜਵਾਂ ਤਖਤ ਪ੍ਰਿੰਟਿੰਗ ਪ੍ਰੈਸ" ਨਾਮ ਦਾ ਇਕ ਪ੍ਰੈਸ ਜਾਰੀ ਹੋ ਚੁੱਕਾ ਹੈ। ਜਿਸ ਵਿਚ ਗੁਰੂ ਸਾਹਿਤ ਅਤੇ ਗੁਰਬਾਣੀ ਨੂੰ ਸ਼ੁੱਧ ਅਤੇ ਸੁੰਦਰ ਛਾਪਣ ਦਾ ਸ਼ਲਾਘਾ ਯੋਗ ਉਦਮ ਕੀਤਾ ਜਾ ਰਿਹਾ ਹੈ।

ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਤਿੰਨ ਸੌ ਸਾਲ ਤੋਂ ਲਿਖਿਤ-ਰੂਪ ਵਿਚ ਪਈ ਹੋਈ ਮਹਾਨ ਰਚਨਾ ਸ੍ਰੀ ਸਰਬਲੋਹ ਗ੍ਰੰਥ ਸਾਹਿਬ ਜੀ ਦੀ ਮੂਲ ਬਾਣੀ ਦੀ ਬੀੜ ਅਤੇ ਪ੍ਰਯਾਵਾਂ ਸਹਿਤ ਟੀਕਾ ਭਾਗ ਪੋਥੀਆਂ ਨੂੰ ਛਾਪਣ ਵਾਸਤੇ ਪੰਥ ਦੇ ਮਹਾਨ ਖੋਜੀ ਅਤੇ ਵਿਦਵਾਨ ਸਜਣਾਂ ਦੀਆਂ ਸੇਵਾਵਾਂ ਹਾਸਲ ਕੀਤੀਆਂ ਗਈਆਂ ਹਨ। ਸ੍ਰੀ ਸਰਬਲੋਹ ਗ੍ਰੰਥ ਜੀ ਦੇ ਸਾਰੇ ਕਾਪੀ ਰਾਈਟ [ਹੱਕ] ਰਾਖਵੇਂ ਹਨ। ਸੋ ਸ੍ਰੀ ਸਰਬਲੋਹ ਗ੍ਰੰਥ ਦੇ ਸ਼ੀਘਰ ਹੀ ਸੰਗਤਾਂ ਦਰਸ਼ਨ ਕਰ ਸਕਣਗੀਆਂ। ਹੋਰ ਹਰ ਤਰ੍ਹਾਂ ਦੀ ਪੁੱਛਗਿਛ ਅਤੇ ਚਿਠੀ ਪਤਰ ਹੇਠ ਲਿਖੇ ਪਤੇ ਉਤੇ ਕਰੋ :--

ਸ੍ਰੀਮਾਨ ਸਿੰਘ ਸਾਹਿਬ, ਬਾਬਾ ਸੰਤਾ ਸਿੰਘ ਜੀ ੯੬ ਕ੍ਰੋੜੀ ਜਥੇਦਾਰ

ਬੁੱਢਾ ਦਲ ਪੰਜਵਾਂ ਤਖਤ ਚਲਦਾ ਵਹੀਰ--ਪੰਜਾਬ [ਹਿੰਦੁਸਤਾਨ)

ਗੁਰੂ ਕਾ ਬਾਗ, ਸ੍ਰੀ ਅਨੰਦਪੁਰ ਸਾਹਿਬ (ਰੋਪੜ)

ਦਾਸਨ ਦਾਸ—ਮੈਨੇਜਿੰਗ ਇੰਚਾਰਜ

ਪ੍ਰਿੰਟਰ :—

ਸਿੰਘ ਸਾਹਿਬ ਬਾਬਾ ਸੰਤਾ ਸਿੰਘ ਜੀ ਜਥੇਦਾਰ

ਛਿਆਨਵੇਂ ਕ੍ਰੋੜੀ

ਬੁੱਢਾ ਦਲ ਪੰਜਵਾਂ ਤਖ਼ਤ ਚਲਦਾ ਵਹੀਰ ਪੰਜਾਬ-ਹਿੰਦੁਸਤਾਨ

ਨੇ

ਬੁੱਢਾ ਦਲ ਪੰਜਵਾਂ ਤਖ਼ਤ ਪ੍ਰਿੰਟਿੰਗ ਪ੍ਰੈਸ ਗੁਰੂ ਕਾ ਬਾਗ

ਸ੍ਰੀ ਅਨੰਦਪੁਰ ਸਾਹਿਬ (ਰੋਪੜ)

ਵਿਚ

ਛਾਪਣ ਦਾ ਪ੍ਰਬੰਧ ਕੀਤਾ ।